


The Punjabi Newspaper

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar




Vol: 9 No: 200 Website : www.punjabiakhbaar.ca Emaiĺ: editor@punjabiakhbaar.ca Friday, 22 July 2022

## ਏਅਰ ਇੰਡੀਆ ਬੰਬ ਧਮਾਕੇ (1985) ਨਾਲ ਚਰਚਿੱਤ ਰਹੇ ਰਿਪੁਦੁੱਮਨ ਸਿੰਘ ਮਲਿਕ ਦੀ ਕਨੇਡਾ ਦੇ ਸਰੀ ਸ਼ਹਿਰ ਵਿਖੇ ਗੋਲੀ ਮਾਰਕੇ ਹੱਤਿਆ ਕਰ ਦਿੱਤੀ ਗਈ




ਸਰੀ (ਪੰਜਾਬੀ ਅਖ਼ਬਾਰ ਬਿਊਰੋ) ਵੀਰਵਾਰ 14 ਜੁਲਾਈ 2022 ਦੀ ਸਵੇਰ ਤਕਰੀਬਨ 9 ਵੱਜਕੇ ਕੁੱਝ ਮਿੰਟ ਉੱਪਰ 128 ਸਟਰੀਟ ਅਤੇ 82 ਐਵੇਨਿਊ ਵਿਖੇ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ ਕਨੇਡਾ ਦੇ ਉੱਘੇ ਸਿੱਖ ਵਪਾਰੀ ਰਿਪੁਦੁੱਮਨ ਸਿੰਘ ਮਲਿਕ ਦੀ ਕਨੇਡਾ ਦੇ ਸਰੀ ਸਹਿਰ ਵਿਖੇ ਗੋਲੀ ਮਾਰਕੇ ਹੱਤਿਆ ਕਰ ਦਿੱਤੀ ਗਈ ਹੈ। ਸਰੀ ਆਰ ਸੀ ਐਮ ਪੀ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਕਿ ਵੀਰਵਾਰ ਨੂੰ ਸਵੇਰੇ 9:26 ਵਜੇ, ਉਨ੍ਹਾਂ ਨੂੰ 128 ਸਟਰੀਟ ਦੇ 8200-ਬਲਾਕ ਵਿੱਚ ਗੋਲੀਬਾਰੀ ਦੀ ਰਿਪੋਰਟ ਮਿਲੀ । ਮੌਕੇ ਉੱਪਰ ਪੁੱਜੀ ਪੁਲਿਸ ਨੂੰ ਗੋਲੀ ਲੱਗਣ ਨਾਲ ਜ਼ਖਮੀ ਹੋਇਆ ਵਿਅਕਤੀ ਮਿਲਿਆ ।ਉਸ ਵਿਅਕਤੀ ਨੂੰ ਹਾਜ਼ਰ ਅਧਿਕਾਰੀਆਂ ਦੁਆਰਾ ਮੁੱਢਲੀ ਸਹਾਇਤਾ ਪ੍ਰਦਾਨ ਕੀਤੀ ਗਈ ਪਰ ਜ਼ਖਮੀ ਵਿਅਕਤੀ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਘਟਨਾਂ ਤੋਂ ਬਾਦ 82 ਐਵੇਨਿਊ ਦੇ 12200-ਬਲਾਕ ਵਿੱਚ ਇੱਕ ਸ਼ੱਕੀ ਵਾਹਨ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿੱਚ ਝੁਲਸਿਆ ਹੋਇਆ ਵੀ ਮਿਲਿਆ ਜਿਸ ਸਬੰਧੀ ਸ਼ੱਕ ਕੀਤਾ ਜਾਂਦਾ ਹੈ ਕਿ ਹੋ ਸਕਦਾ ਹੈ ਇਹੀ ਵਾਹਨ ਇਸ ਘਟਨਾਂ ਨੂੰ ਅੰਜਾਮ ਦੇਣ ਲਈ ਵਰਤਿਆ ਗਿਆ ਹੋਵੇ । ਜਾਂਚ ਸ਼ੁਰੂਆਤੀ ਪੜਾਵਾਂ ਵਿੱਚ ਹੈ ਅਤੇ ਪੁਲਿਸ ਅਜੇ ਵੀ ਸ਼ੱਕੀ ਵਿਅਕਤੀਆਂ ਅਤੇ ਇੱਕ ਦੂਜੇ ਵਾਹਨ ਦੀ ਭਾਲ ਕਰ ਰਹੀ ਹੈ ਜਿਸਦੀ ਵਰਤੋਂ ਭਜਾਏ ਜਾਣ ਵਾਲੇ ਵਾਹਨ ਵਜੋਂ ਕੀਤੀ ਜਾ ਸਕਦੀ ਹੈ। ਪੁਲਿਸ ਨੇ ਆਮ ਲੋਕਾਂ ਬੇਨਤੀ ਕੀਤੀ ਹੈ ਕਿ ਕਿਸੇ ਵੀ ਵਿਅਕਤੀ ਕੋਲ ਇਸ ਘਟਨਾ ਬਾਰੇ ਜਾਣਕਾਰੀ, ਡੈਸ਼ ਕੈਮਰੇ ਦੀ ਫੁਟੇਜ ਜਾਂ ਖੇਤਰ ਤੋਂ ਵੀਡੀਓ ਹੋਵੇ ਤਾਂ ਸਰੀ ਆਰ ਸੀ ਐਮ ਪੀ ਨਾਲ 604 599 0502, ਜਾਂ 1800 222 8477 ਸੰਪਰਕ ਕੀਤਾ ਜਾ ਸਕਦਾ ਹੈ। ਵਰਨਣਯੋਗ ਹੈ ਕਿ ਰਿਪੂਦਮਨ ਸਿੰਘ ਮਲਿਕ ਦਾ ਨਾਮ 1985 ਵਿੱਚ ਟੋਰਾਂਟੋ ਤੋਂ ਲੰਡਨ ਜਾ ਰਹੀ ਏਅਰ ਇੰਡੀਆ ਦੀ ਫਲਾਈਟ ਵਿੱਚ ਹੋਏ ਬੰਬ ਧਮਾਕੇ ਨਾਲ ਵੀ ਜੁੜਿਆ ਹੋਇਆ ਸੀ ਇਸ ਬੰਬ ਧਮਾਕੇ ਨਾਲ ਜਹਾਜ਼ ਵਿੱਚ ਸਵਾਰ ਸਾਰੇ ਯਾਤਰੀ ਮਾਰੇ ਗਏ ਸਨ ਪਰ ਇਸ ਮਾਮਲੇ ਵਿੱਚੋਂ ਸਾਲ 2005 ਵਿੱਚ ਰਿਪੂਦਮਨ ਸਿੰਘ ਮਲਿਕ ਨੂੰ ਬਰੀ ਕਰ ਦਿੱਤਾ ਗਿਆ ਸੀ। ਮਲਿਕ ਪਿਛਲੇ ਦਿਨਾਂ ਵਿੱਚ ਭਾਰਤ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਵੱਲੋਂ ਸਿੱਖਾਂ ਲਈ ਪਾਏ ਗਏ ਯੋਗਦਾਨ ਬਦਲੇ ਚਿੱਠੀ ਲਿਖ ਕੇ ਕੀਤੀ ਸਰਾਹਨਾ ਕਾਰਨ ਵੀ ਚਰਚਾ ਵਿੱਚ ਆਏ ਸਨ। ਵੈਨਕੋਵਰ ਵਿੱਚ ਖਾਲਸਾ ਸਕੂਲ ਅਤੇ ਖਾਲਸਾ ਕ੍ਰੈਡਿਟ ਯੁਨੀਅਨ (ਬੈਂਕ) ਦੇ ਫਾਊਂਡਰ ਰਿਪੁਦਮਨ ਸਿੰਘ ਮਲਿਕ ਨੇ ਬੀਤੇ ਸਮੇਂ ਦੌਰਾਨ ਗੁਰੂ ਗਰੰਥ ਸਾਹਿਬ ਜੀ ਛਪਾਈ ਸਬੰਧੀ ਪ੍ਰਿੰਟਿੰਗ ਪ੍ਰੈਸ ਲਗਾਉਣ ਦਾ ਉਪਰਾਲਾ ਵੀ ਕੀਤਾ ਸੀ ਪਰ ਵਿਵਾਦਾਂ ਵਿੱਚ ਘਿਰ ਜਾਣ ਕਾਰਣ ਉਹ ਵੀ ਹਾਲੇ ਤੱਕ ਅਧੂਰਾ ਹੀ ਸੀ।

## ਭਗਤ ਸਿੰਘ ਵਾਲੇ ਬਿਆਨ ’ਤੇ ਸਿਮਰਨਜੀਤ ਸਿੰਘ ਮਾਨ ਖਿਲਾਫ ਦਿੱਲੀ ਥਾਣੇ ’ਚ ਭਾਜਪਾ ਵੱਲੋਂ ਸ਼ਿਕਾਇਤ ਦਰਜ



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਸੰਗਰੂਰ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਉਨ੍ਹਾਂ ਨੇ ਕੁਝ ਦਿਨ ਪਹਿਲਾਂ ਕਰਨਾਲ ‘ਚ ਸ਼ਹੀਦ ਭਗਤ ਸਿੰਘ ਨੂੰ ਅੱਤਵਾਦੀ ਕਿਹਾ ਸੀ। ਮਾਨ ਖਿਲਾਫ ਦਿੱਲੀ ਭਾਜਪਾ ਮਹਿਲਾ ਮੋਰਚਾ ਦੀ ਜਨਰਲ ਸਕੱਤਰ ਟੀਨਾ ਕਪੂਰ ਸ਼ਰਮਾ ਨੇ ਪਾਰਲੀਮੈਂਟ ਸਟਰੀਟ ਪੁਲਿਸ ਸਟੇਸ਼ਨ ‘ਚ ਸ਼ਿਕਾਇਤ ਦਰਜ ਕਰਵਾਈ ਹੈ,ਜਿਸ ਵਿੱਚ ਮਾਨ ਖਿਲਾਫ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਟੀਨਾ ਕਪੂਰ ਨੇ ਕਿਹਾ ਕਿ ਉਹ 15 ਦਿਨਾਂ ਤੱਕ ਉਡੀਕ ਕਰੇਗੀ। ਜੇ ਪੁਲਿਸ ਨੇ ਕਾਰਵਾਈ ਨਾ ਕੀਤੀ ਤਾਂ ਇਸਦੇ ਖਿਲਾਫ ਅਦਾਲਤ ਵਿੱਚ ਜਾਵਾਂਗੀ। ਸ਼ਿਕਾਇਤ ਵਿੱਚ ਟੀਨਾ ਕਪੂਰ ਨੇ ਕਿਹਾ ਕਿ ਮੈਂ ਫੌਜੀ ਪਰਿਵਾਰ ਨਾਲ ਸਬੰਧ ਰਖਦੀ ਹਾਂ। ਸ਼ਹੀਦ ਭਗਤ ਸਿੰਘ ਦੇਸ਼ ਦੇ ਆਜ਼ਾਦੀ ਘੁਲਾਟੀਏ ਹਨ। ਸੱਚੇ ਦੇਸ਼ ਭਗਤ ਹਨ। ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹਨ। ਉਨ ਾਂ ਨੂੰ ਅੱਤਵਾਦੀ ਕਹਿਣਾ ਦੇਸ਼ ਵਿਰੋਧੀ ਕਾਰਵਾਈ ਹੈ। ਇਸ ਨਾਲ ਕਰੋੜਾਂ ਭਾਰਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਮਾਨ ਦਾ ਬਿਆਨ ਸ਼ਰਮਨਾਕ ਹੈ। ਭਗਤ ਸਿੰਘ ਨੇ ਦੇਸ਼ ਦੀ ਆਜ਼ਾਦੀ ਲਈ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਮਾਨ ਨੂੰ ਸੰਸਦ ਦੇ ਅਹੁਦੇ ਤੋਂ ਹਟਾ ਕੇ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਮਾਨ ਆਪਣੇ ਬਿਆਨ ‘ਤੇ ਕਾਇਮ ਹਨ। ਮਾਨ ਦਾ ਕਹਿਣਾ ਹੈ ਕਿ ਭਗਤ ਸਿੰਘ ਨੇ ਅੰਗਰੇਜ਼ ਅਫਸਰ ਨੂੰ ਮਾਰਿਆ ਸੀ। ਅੰਮ੍ਰਿਤਧਾਰੀ ਸਿੱਖ ਕਾਂਸਟੇਬਲ ਚੰਨਣ ਸਿੰਘ ਦਾ ਕਤਲ ਕੀਤਾ ਸੀ। ਭਗਤ ਸਿੰਘ ਨੇ ਨੈਸ਼ਨਲ ਅਸੈਂਬਲੀ ਵਿੱਚ ਬੰਬ ਸੁੱਟਿਆ ਸੀ। ਸੋ ਇਹ ਸੱਚ ਹੈ ਕਿ ਭਗਤ ਸਿੰਘ ਅੱਤਵਾਦੀ ਹੈ। ਉਹ ਸੱਚਾਈ ਤੋਂ ਪਿੱਛੇ ਨਹੀਂ ਹਟਣਗੇ। ਮਾਨ ਨੇ ਆਪਣੇ ਬਿਆਨ ਲਈ ਮੁਆਫੀ ਮੰਗਣ ਤੋਂ ਵੀ ਇਨਕਾਰ ਕਰ ਦਿੱਤਾ।






















# ਕਾਪਰਸਟੋਨ ਵਿੱਚ ਆਪਣਾ ਸਹੀ ਘਰ ਲੱਭੋ










COPPERSTONE AT COPPERFIELD

**ਸਾਊਥ ਈਸਟ ਕੈਲਗਰੀ**

ਕਾਪਰਸਟੋਨ ਵਿਖੇ ਆਪਣੇ ਸੁਪਨਿਆਂ ਦਾ ਘਰ ਲੱਭੋ! ਦੱਖਣੀ ਪੂਰਬੀ ਕੈਲਗਰੀ ਦੇ ਕਾਪਰਫੀਲਡ ਇਲਾਕੇ ਵਿੱਚ ਇੱਕ ਮਾਸਟਰ-ਯੋਜਨਾਬੱਧ ਭਾਈਚਾਰਾ। **6 ਲੱਖ ਡਾਲਰ** ਤੋਂ ਸ਼ੁਰੂ ਹੋਣ ਵਾਲੇ ਸਿੰਗਲ-ਪਰਿਵਾਰ ਵਾਲੇ ਘਰਾਂ ਦੀ ਵਿਸ਼ੇਸ਼ਤਾ। ਕਾਨੂੰਨੀ ਬੇਸਮੈਂਟ ਸੂਟ ਵਿਕਲਪ ਉਪਲਬਧ ਹਨ ਅਤੇ ਘੱਟ ਤੋਂ ਘੱਟ **4 ਲੱਖ ਡਾਲਰ** ਤੋਂ ਸੁਰੂ ਹੋਣ ਵਾਲੇ ਪੁਰਸਕਾਰ ਜੇਤੂ ਟਾਉਨੂ ਹੋਮਜ਼

**COPPERSTONELIVING.COM**
**587.352.4266**

SHOWHOMES & SALES CENTRE
1233 Copperfield Blvd SE,
Calgary, AB T2Z 5G1

## ਹੁਣ ਸਾਊਥ ਪੋਆਇੰਟ ਉੱਪਰ ਗਰਮੀਆਂ ਦੀ ਬੱਚਤ ਵਾਲਾ ਇਵੈਂਟ ਚੱਲ ਰਿਹਾ ਹੈ

SOUTHPOINT
A MASTER PLANNED COMMUNITY


**ਸਾਊਥਵੈਸਟ ਏਅਰਡਰੀ**

ਸਾਊਥ ਪੁਆਇੰਟ 'ਤੇ ਸਮਰ ਸੇਵਿੰਗਜ਼ ਇਵੈਂਟ ਹੁਣ ਚਾਲੂ ਹੈ! ਜਦੋਂ ਤੁਸੀਂ ਸਿੰਗਲ-ਫੈਮਿਲੀ ਲੇਨ ਹੋਮ ਖਰੀਦਦੇ ਹੋ ਤਾਂ ਸੀਮਤ ਸਮੇਂ ਲਈ $25 ਹਜਾਰ ਤੱਕ ਦਾ ਹੋਮ ਅੱਪਗ੍ਰੇਡ ਪੈਕੇਜ ਪ੍ਰਾਪਤ ਕਰੋਜਾਂ ਦੱਖਣ-ਪੱਛਮੀ ਏਅਰਡ੍ਰੀ ਵਿੱਚ ਸਾਉਥ ਪੁਆਇੰਟ ਦੇ ਸਾਡੇ 70 ਏਕੜ ਦੇ ਮਾਸਟਰ-ਯੋਜਨਾਬੱਧ ਭਾਈਚਾਰੇ ਵਿੱਚ ਲਾਈਨ ਵੱਧ ਘਰ, ਜਿਸ ਵਿੱਚ ਬਾਸਕਟਬਾਲ ਅਤੇ ਟੈਨਿਸ ਕੋਰਟ, ਬੱਚਿਆਂ ਲਈ ਖੇਡ ਦਾ ਮੈਦਾਨ, ਅਤੇ ਇੱਕ ਐਲੀਮੈਂਟਰੀ ਸਕੂਲ ਕੁੱਝ ਕਦਮ ਦੂਰ ਹੈ!

**ਸਾਡੇ ਸ਼ੋਅ ਹੋਮ 'ਤੇ ਜਾਓ ਅਤੇ ਹੋਰ ਵੇਰਵੇ ਲੱਭੋ।**

**VESTASOUTHPOINT.COM 403.980.1979**

SHOWHOMES & SALES CENTRE
600 South Point Heath SW,
Airdrie AB







Proudly built by VESTA PROPERTIES

# ਤਰਸੇਮ ਜੱਸੜ 30 ਜੁਲਾਈ ਦੀ ਸ਼ਾਮ ਕੈਲਗਰੀ ਦੇ ਜੈਕ ਸਿੰਗਰ ਹਾਲ ਵਿੱਚ ਲਾਵੇਗਾ ਰੌਣਕਾਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਫ ਸੁਥਰੀ ਗਾਇਕੀ ਅਤੇ ਸਾਫ ਸੁਥਰੀਆਂ ਪੰਜਾਬੀ ਫਿਲਮਾਂ ਦੇ ਹੀਰੋ ਵੱਜੋਂ ਜਾਣੇ ਜਾਂਦੇ ਤਰਸੇਮ ਜੱਸੜ ਦੀ ਕਨੇਡਾ ਫੇਰੀ 23 ਜੁਲਾਈ ਤੋਂ ਸੁਰੂ ਹੋ ਰਹੀ ਹੈ। ਰੋਇਲ ਫਰੰਟ ਏਂਟਰਟੇਨਮੈਨਟ ਐਂਡ ਬਿੱਗ ਬੁੱਲ ਮਿਊਜਿਕ ਵੱਲੋਂ ਗਲੈਕਸੀ ਈਵੈਂਟ ਮੈਨੇਜਮੈਂਟ ਅਤੇ ਜੇ ਐਫ ਐਸ ਇੰਮੀਗ੍ਰੇਸ਼ਨ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਸ਼ੋਅ ਦੀ ਪਰਬੰਧਕੀ ਟੀਮ ਵਿੱਚੋਂ ਜਗਰੂਪ ਸੰਧੂ,ਨਿਤਿਨ ਸ਼ਾਹ ਜੀ,ਹੈਪੀ ਬਰਾੜ,ਰਮਿਤ ਸੈਣੀ ਅਤੇ ਸਿਮੀ ਸੰਧਾਵਾਲੀਆ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਤਰਸੇਮ ਜੱਸੜ ਦਾ ਸਭ ਤੋਂ ਪਹਿਲਾ ਸ਼ੋਅ 23 ਜੁਲਾਈ ਨੂੰ ਟੌਰਾਂਟੋ ਵਿਖੇ ਹੋਵੇਗਾ। ਦੂਸਰਾ ਸ਼ੋਅ 30 ਜੁਲਾਈ ਦਿਨ ਸਨਿੱਚਰਵਾਰ ਕੈਲਗਰੀ ਦੇ ਜੈਕ ਸਿੰਗਰ ਕੰਨਸਰਟ ਹਾਲ ਵਿਖੇ ਸਾਮੀ 6 ਵਜੇ ਸੁਰੂ ਹੋਵੇਗਾ। ਕੈਲਗਰੀ ਡਾਊਨਟਾਊਨ ਵਿਖੇ ਸਥਿੱਤ ਇਹ ਉਹ ਹਾਲ ਹੈ ਜਿੱਥੇ ਗੁਰਦਾਸ ਮਾਨ, ਬੱਬੂ ਮਾਨ ਅਤੇ ਗੋਰਿਆਂ ਦੇ ਨਾਮਵਰ ਗਾਇਕਾਂ ਦੇ ਸ਼ੋਅ ਹੁੰਦੇ ਹਨ। ਸਾਊਂਡ ਅਤੇ ਲਾਈਟਿੰਗ ਦਾ ਆਹਲਾ ਦਰਜੇ ਦਾ ਪਰਬੰਧ ਹੁੰਦਾ ਹੈ। ਹਾਲ ਦੀ ਬਣਤਰ ਇਸ ਤਰਾਂ ਦੀ ਹੈ ਕਿ ਹਰ ਕਿਸੇ ਨੂੰ ਸਟੇਜ ਆਪਣੇ ਨਜਦੀਕ ਹੀ ਲੱਗਦਾ ਹੈ। ਕੈਲਗਰੀ ਵਿੱਚ ਸ਼ੋਅ ਦੀਆਂ ਟਿਕਟਾਂ ਧੜਾਧੜ ਵਿਕ ਰਹੀਆਂ ਹਨ। ਬੀਤੇ ਦਿਨੀ ਕੈਲਗਰੀ ਵਿਖੇ ਇਸ ਸ਼ੋਅ ਸਬੰਧੀ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਸ਼ੋਅ ਦੀਆਂ ਟਿਕਟਾਂ ਦੀ ਆਨ ਲਾਈਨ ਵਿਕਰੀ ਤੋਂ ਤਰਸੇਮ ਜੱਸੜ ਦੀ ਹਰਮਨ ਪਿਆਰਤਾ ਦੇ ਅੰਦਾਜੇ ਲਗਾਏ ਜਾ ਰਹੇ ਹਨ। 6 ਅਗਸਤ ਨੂੰ ਰੀਜਾਇਨਾ ਵਿਖੇ ਹੋਣ ਵਾਲੇ ਸ਼ੋਅ ਦੀਆਂ ਤਿਆਰੀਆਂ ਵੀ ਬੜੇ ਜ਼ੋਸ਼ੋਖਰੋਸ਼ ਨਾਲ ਚੱਲ ਰਹੀਆਂ ਹਨ।















# 'ਸਾਹਾਂ ਦੀ ਸਰਗਮ' ਅਤੇ 'ਖੁਸ਼ੀਆਂ ਦੀ ਖੁਸ਼ਬੋਈ' - ਵੱਡੇ ਕੱਠ ਵਿੱਚ ਦੋਵਾਂ ਦੀ ਹੀ ਘੁੰਢ ਚੁਕਾਈ ਹੋਈ

## ਗੁਰਦੀਸ਼ ਕੌਰ ਗਰੇਵਾਲ ਦੀਆਂ ਦੋ ਪੁਸਤਕਾਂ ਦੀ ਘੁੰਡ ਚੁਕਾਈ ਮੌਕੇ ਸਾਹਿਤ ਪ੍ਰੇਮੀਆਂ ਦਾ ਵੱਡਾ ਇਕੱਠ ਜੁੜਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 16 ਜੁਲਾਈ 2022 ਨੂੰ, ਇੰਡੀਅਨ ਐਕਸ ਸਰਵਿਸਮੈਨ ਇੰਮੀਗ੍ਰੈਂਟ ਐਸੋਸੀਏਸ਼ਨ ਦੇ, ਸਾਹਿਤ ਪ੍ਰੇਮੀਆਂ ਨਾਲ ਖਚਾ ਖਚ ਭਰੇ ਹਾਲ ਵਿੱਚ, ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਵੱਲੋਂ, ਪੰਜਾਬੀ ਸਾਹਿਤ ਜਗਤ ਦੀ ਜਾਣੀ-ਪਛਾਣੀ ਬਹੁ-ਪੱਖੀ ਲੇਖਿਕਾ ਅਤੇ ਕਵਿੱਤਰੀ ਗੁਰਦੀਸ਼ ਕੌਰ ਗਰੇਵਾਲ ਵੱਲੋਂ ਰਚਨਾ ਬੱਧ ਦੋ ਪੁਸਤਕਾਂ 'ਸਾਹਾਂ ਦੀ ਸਰਗਮ' ਅਤੇ' ਖੁਸ਼ੀਆਂ ਦੀ ਖੁਸ਼ਬੋਈ' ਦੀ ਘੁੰਢ ਚੁਕਾਈ ਕੀਤੀ ਗਈ। ਇਸ ਸਮਾਗਮ ਵਿੱਚ ਸਾਇੰਸਦਾਨ ਤੇ ਖੋਜੀ ਵਿਦਵਾਨ ਡਾ: ਐਸ ਐਸ ਭੱਟੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਕੁਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ ਹਾਜ਼ਰੀਨ ਨੂੰ 'ਜੀ ਆਇਆਂ' ਕਹਿਣ ਉਪਰੰਤ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਵੱਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਡੀਨ, ਲੇਖਕ ਤੇ ਸਾਂਝੀ ਵਿਰਾਸਤ ਮੈਗਜ਼ੀਨ ਦੇ ਮੁੱਖ ਸੰਪਾਦਕ, ਡਾ: ਸੁਰਜੀਤ ਸਿੰਘ ਭੱਟੀ, ਸਭਾ ਦੀ ਉਪ ਪ੍ਰਧਾਨ ਅਤੇ ਉੱਚ ਕੋਟੀ ਦੀ ਲੇਖਕਾ ਗੁਰਦੀਸ਼ ਕੌਰ ਗਰੇਵਾਲ, ਰਚਨਾਵਾਂ ਦੇ ਮੁਲੰਕਣ ਵਿੱਚ ਮਾਹਿਰ ਡਾ: ਸਰਬਜੀਤ ਕੌਰ ਜਵੰਦਾ ਅਤੇ ਕੈਲਗਰੀ ਦੇ ਚਰਚਿਤ ਸਮੀਖਿਆਕਾਰ ਸ:ਜਗਦੇਵ ਸਿੰਘ ਸਿੱਧੂ ਸ਼ੁਸ਼ੋਭਿਤ ਹੋਏ। ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਬਲਵਿੰਦਰ ਕੌਰ ਬਰਾੜ ਵੱਲੋਂ, ਲੇਖਿਕਾ ਦੇ ਨਿਬੰਧ ਸੰਗ੍ਰਹਿ - 'ਖੁਸ਼ੀਆਂ ਦੀ ਖੁਸ਼ਬੋਈ' ਸੰਬੰਧੀ ਕਲਮਬੱਧ ਕੀਤੇ ਵਿਚਾਰ, ਉਨ੍ਹਾਂ ਦੀ ਗੈਰਹਾਜ਼ਰੀ ਕਾਰਨ, ਸਭਾ ਸਕੱਤਰ ਸੁਖਜੀਤ ਸਿਮਰਨ ਵੱਲੋਂ ਹਾਜ਼ਰੀਨ ਨਾਲ ਸਾਂਝੇ ਕੀਤੇ ਗਏ। ਡਾ: ਸਰਬਜੀਤ ਕੌਰ ਜਵੰਦਾ ਨੇ ਨਿਬੰਧ ਸਾਗ੍ਰਹਿ- "ਖੁਸ਼ੀਆਂ ਦੀ ਖੁਸ਼ਬੋਈ" ਤੇ ਆਪਣੇ ਕੀਮਤੀ ਵਿਚਾਰ ਪਰਗਟ ਕਰਦੇ ਹੋਏ, ਕਿਹਾ ਕਿ ਇਹਨਾਂ ਵਿਚ ਪੰਜਾਬ, ਪੰਜਾਬੀਅਤ ਅਤੇ ਪੰਜਾਬੀਆਂ ਪ੍ਰਤੀ ਫਿਕਰ, ਮੋਹ ਤੇ ਜੁੰਮੇਵਾਰੀ ਸ਼ਾਮਿਲ ਹੈ। ਇਹ ਲਿਖਤਾਂ ਲੇਖਿਕਾ ਦੀ ਸ਼ਖਸੀਅਤ ਵਰਗੀਆਂ - ਸਹਿਜ, ਸਰਲ, ਸਪਸ਼ਟ, ਸੱਚੀਆਂ ਸੁੱਚੀਆਂ, ਸੁਹਿਰਦ, ਇਮਾਨਦਾਰ ਤੇ ਪਾਠਕ ਦਾ ਭਲਾ ਲੋਚਦੀਆਂ ਹੋਈਆਂ, ਚੜ੍ਹਦੀ ਕਲਾ ਦੀ ਕਾਮਨਾ ਕਰਦੀਆਂ ਹਨ। ਲੇਖਿਕਾ ਦੀਆਂ ਲਿਖਤਾਂ ਨੂੰ ਨੌਜਵਾਨ ਗਾਇਕ ਸੁੱਖ ਕੈਰੋਂ ਸੁਖਵਿੰਦਰ ਤੂਰ, ਅਮਰਜੀਤ ਵਿਰਦੀ, ਹਰਦੇਵ ਬਰਾੜ ਅਤੇ ਜੋਗਾ ਸਿੰਘ ਸਹੋਤਾ ਨੇ ਸੰਗੀਤਬਧ ਕਰਕੇ, ਮਹਿਫਿਲ ਨੂੰ ਝੂਮਣ ਲਾ ਦਿੱਤਾ। ਪਾਰਖੂ ਸਮੀਖਿਅਕ, ਸ: ਜਗਦੇਵ ਸਿੰਘ ਸਿੱਧੂ ਨੇ 'ਸਾਹਾਂ ਦੀ ਸਰਗਮ' ਦੀ ਗੱਲ ਕਰਦਿਆਂ ਕਿਹਾ ਕਿ- ਗ਼ਜ਼ਲ ਦੇ ਰੂਪ, ਬਹਿਰ, ਵਜ਼ਨ, ਪਿੰਗਲ, ਅਰੂਜ਼ ਤੇ ਹੋਰ ਜਰੂਰੀ ਗੁਣਾਂ ਦੇ ਨਿਭਾਅ ਸਦਕਾ ਹੀ, ਅੱਜ ਗੁਰਦੀਸ਼ ਕੌਰ ਸਫਲ ਗਜ਼ਲਗੋਆਂ ਦੀ ਕਤਾਰ ਵਿਚ ਆ ਖੜ੍ਹੀ ਹੈ। ਇਹਨਾਂ ਦੀਆਂ ਗਜ਼ਲਾਂ ਵਿਚ- ਸਮਾਜ, ਪਰਿਵਾਰ, ਰਿਸ਼ਤੇ, ਰਾਜਨੀਤੀ, ਧਰਮ, ਵਾਤਾਵਰਣ, ਪਰਵਾਸ, ਕੁਦਰਤ ਤੇ ਮਾਨਵੀ ਜਜ਼ਬਾਤਾਂ ਨਾਲ ਜੁੜੇ ਸਰੋਕਾਰ ਆਪ ਮੁਹਾਰੇ ਆਏ ਹਨ। ਤਾੜੀਆਂ ਦੀ ਗੂੰਜ ਵਿਚ, ਮੁੱਖ ਮਹਿਮਾਨ ਵੱਲੋਂ ਪ੍ਰਧਾਨਗੀ ਮੰਡਲ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ, ਦੋਹਾਂ ਪੁਸਤਕਾਂ ਨੂੰ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ। ਮੁੱਖ ਮਹਿਮਾਨ ਡਾ: ਸੁਰਜੀਤ ਸਿੰਘ ਭੱਟੀ ਨੇ ਲੋਕ ਅਰਪਣ ਕੀਤੀਆਂ ਪੁਸਤਕਾਂ ਅਤੇ ਲੇਖਣੀ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ, ਇਹਨਾਂ ਦੀਆਂ ਗਜ਼ਲਾਂ ਨੂੰ 'ਮੋਤੀਆਂ ਦੀ ਮਾਲਾ' ਅਤੇ ਨਿਬੰਧਾਂ ਨੂੰ ' ਫੁੱਲਾਂ ਦਾ ਗੁਲਦਸਤਾ ' ਕਹਿ ਕੇ ਵਡਿਆਇਆ। ਲੇਖਿਕਾ ਨੇ ਧੰਨਵਾਦ ਕਰਦਿਆਂ, ਲੇਖਕਾਂ ਨੂੰ ਸਿਖਾਂਦਰੂ ਬਣੇ ਰਹਿਣ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਆਪਣੇ ਕਾਵਿਕ ਅੰਦਾਜ਼ ਵਿੱਚ ਪਾਠਕਾਂ ਨੂੰ 'ਰੱਬ ਵਰਗੇ' ਕਹਿ ਆਦਰ ਨਾਲ ਮੁਖਾਤਿਬ ਹੁੰਦਿਆਂ ਕਿਹਾ-

ਮੈਂ ਸਿਖਿਆ ਜਿੰਦਗੀ ਕੋਲੋਂ, ਨਾਂ ਮੈ ਵਿਦਵਾਨ ਹਾਂ ਕੋਈ, ਤੁਹਾਡੇ ਦੁੱਖ ਤੇ ਸੁੱਖ ਨੂੰ ਹੀ, ਲਿਖਤਾਂ ਵਿਚ ਪਰੋਂਦੀ ਹਾਂ।

ਲਿਖੇ ਇਹ ਸ਼ਬਦ ਜੋ ਮੇਰੇ, ਕਰਨ ਰੌਸ਼ਨ ਕੋਈ ਵਿਹੜਾ, ਖੁਦਾ ਤੋਂ ਹਿੰਮਤ ਮੰਗਦੀ ਹਾਂ, ਤੁਹਾਡੀ ਅਸੀਸ ਚਾਹੁੰਦੀ ਹਾਂ।



ਲੇਖਿਕਾ ਨੇ ਆਪਣੀਆਂ ਦੋਵੇਂ ਪੁਸਤਕਾਂ ਮੁੱਖ ਮਹਿਮਾਨ ਨੂੰ ਤੇ ਐਕਸ ਸਰਵਿਸਮੈਨ ਦੀ ਲਾਇਬ੍ਰੇਰੀ ਨੂੰ ਭੇਟ ਕੀਤੀਆਂ। ਸਮਾਪਤੀ ਤੇ, ਗੁਰਚਰਨ ਥਿੰਦ ਨੇ, ਸਭਾ ਮੈਂਬਰਾਂ ਅਤੇ ਹਾਜਰ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਕੈਲਗਰੀ ਦੀਆਂ ਸਾਹਿਤਕ ਅਤੇ ਹੋਰ ਖੇਤਰਾਂ ਜਥੇਬੰਦੀਆਂ ਨੁਮਾਇੰਦੇ ਵੀ ਹਾਜਿਰ ਸਨ।

# ਦਸਮੇਸ਼ ਕਲਚਰ ਸੀਨੀਅਰ ਸਿਟੀਜ਼ਨ ਸੁਸਾਇਟੀ ਕੈਲਗਰੀ ਦੀ ਚੋਣ ਸਰਬਸੰਮਤੀ ਨਾਲ ਹੋਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) -17 ਜੁਲਾਈ 2022 ਵਾਲੇ ਦਿਨ ਐਤਵਾਰ ਦਸਮੇਸ਼ ਕਲਚਰ ਸੀਨੀਅਰ ਸਿਟੀਜ਼ਨ ਸੁਸਾਇਟੀ ਕੈਲਗਰੀ ਦੀ ਚੋਣ ਸਰਬਸੰਮਤੀ ਨਾਲ ਹੋਈ। ਸਰਬਸੰਮਤੀ ਨਾਲ ਚੁਣੀ ਗਈ ਕਮੇਟੀ ਅਗਲੇ ਦੋ ਸਾਲਾਂ ਵਾਸਤੇ ਜੁਲਾਈ 2022 ਤੋਂ ਲੈ ਕੇ ਜੁਲਾਈ 2024 ਤੱਕ ਕੰਮ ਕਰੇਗੀ। ਨਵੀਂ ਚੁਣੀ ਗਈ ਕਮੇਟੀ ਅਤੇ ਅਹੁਦੇਦਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਪ੍ਰਧਾਨ ਬੀਰਇੰਦਰਜੀਤ ਸਿੰਘ ਭੱਟੀ ਪਿਛਲੇ ਪੰਜ ਸਾਲ ਤੋਂ ਲਗਾਤਾਰ ਪ੍ਰਧਾਨ ਹਨ ਉਹਨਾਂ ਨੂੰ ਹੀ ਦੁਬਾਰਾ ਪ੍ਰਧਾਨ ਚੁਣ ਲਿਆ ਗਿਆ ਹੈ। ਮੀਤ ਪ੍ਰਧਾਨ ਸਰਦਾਰ ਗੁਰਦਿਆਲ ਸਿੰਘ ਰਾਏ ਨੂੰ ਚੁਣਿਆ ਗਿਆ। ਸੈਕਟਰੀ ਦੀਆਂ ਸੇਵਾਵਾਂ ਪ੍ਰੀਤਮ ਸਿੰਘ ਕਾਹਲੋਂ ਨਿਭਾਉਣਗੇ। ਖ਼ਜ਼ਾਨਚੀ ਦਾ ਅਹੁਦਾ ਸਰਦਾਰ ਪਰਗਟ ਸਿੰਘ ਧਾਲੀਵਾਲ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਪੰਜ ਡਾਇਰੈਕਟਰ ਸਰਦਾਰ ਗੁਰਮੇਲ ਸਿੰਘ ਸਰਾਂ,ਸਰਦਾਰ ਸੁਰਜੀਤ ਸਿੰਘ ਸੰਧੂ,ਸਰਦਾਰ ਬਲਦੇਵ ਸਿੰਘ ਗਿੱਲ,ਸਰਦਾਰ ਨਿਸ਼ਾਨ ਸਿੰਘ ਢਿੱਲੋਂ,ਸਰਦਾਰ ਹਰਬੰਸ ਸਿੰਘ ਗਰੇਵਾਲ ਅਤੇ ਸਰਦਾਰ ਜਗਤਾਰ ਸਿੰਘ ਬਰਾੜ ਚੁਣੇ ਗਏ। ਵਰਨਣਯੋਗ ਹੈ ਕਿ ਪਹਿਲਾਂ 4 ਜੁਲਾਈ 2022 ਨੂੰ ਏ ਜੀ ਐਮ ਵਿੱਚ ਸਰਬਸੰਮਤੀ ਨਾਲ ਸਿਲੈਕਸ਼ਨ ਕਮੇਟੀ ਬਣਾਈ ਗਈ ਸੀ, ਜਿਸ ਵਿੱਚ ਹਰਜੀਤ ਸਿੰਘ ਸਰੋਆ ਚੇਅਰਮੈਨ ਗੁਰਦੁਆਰਾ ਕਮੇਟੀ, ਨਿਰਮਲ ਸਿੰਘ ਸੰਧੂ, ਜਗੀਰ ਸਿੰਘ ਗਿੱਲ, ਨਰਿੰਦਰ ਸਿੰਘ ਢਿੱਲੋਂ, ਗੁਰਦੇਵ ਸਿੰਘ ਗਰਚਾ ,ਇੰਦਰਜੀਤ ਸਿੰਘ ਬਰਾੜ ਸ਼ਾਮਲ ਸਨ, ਜਿਨ੍ਹਾਂ ਨੇ ਸਰਬਸੰਮਤੀ ਨਾਲ ਇਹ ਅਗਲੇ ਦੋ ਸਾਲਾਂ ਲਈ ਇਹ ਨਵੀਂ ਕਮੇਟੀ ਦੀ ਚੋਣ ਕੀਤੀ।

# ਚਿੱਟੇ ਵਿਕਦੇ ਰਾਹਾਂ ਤੇ,ਮੁੰਡੇ ਕੁੜੀਆਂ ਸਾਂਭ ਲਵੋ, ਇਹ ਦੇਸ਼ ਆਖਰੀ ਸਾਹਾਂ ਤੇ-

# ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਭੁਪਿੰਦਰ ਭਾਗੋਮਾਜਰਾ ਦੀ ਕਾਵਿ-ਪੁਸਤਕ 'ਨਾ ਵੇ ਸ਼ਾਸਕਾ' ਲੋਕ ਅਰਪਣ ਕੀਤੀ ਗਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਵੱਲੋਂ ਭਾਰਤ ਤੋਂ ਆਏ ਮਹਿਮਾਨ ਲਿਖਾਰੀ ਭੁਪਿੰਦਰ ਭਾਗੋਮਾਜਰਾ ਹੋਰਾਂ ਦੀ ਕਾਵਿ-ਪੁਸਤਕ 'ਨਾ ਵੇ ਸ਼ਾਸਕਾ' ਲੋਕ ਅਰਪਣ ਕੀਤੀ ਗਈ। ਜਗਦੇਵ ਸਿੱਧੂ ਹੋਰਾਂ ਨੇ ਇਸ ਪੁਸਤਕ ਸੰਬੰਧੀ ਬੜੀ ਮਿਹਨਤ ਨਾਲ ਤਿਆਰ ਕੀਤਾ ਪਰਚਾ ਪੜ੍ਹਿਆ। ਉਹਨਾਂ ਨੇ ਕਿਹਾ ਕਿ ਭੁਪਿੰਦਰ ਮਾਜਰਾ ਲੋਕਾਂ ਦਾ ਕਵੀ ਹੈ ਅਤੇ ਲੋਕਾਂ ਦੀ ਗੱਲ ਕਰਦਾ ਹੈ। ਉਹ ਆਪਣੀ ਤਿੱਖੀ ਸੂਝ ਬੂਝ ਰਾਹੀਂ ਲੋਕਾਂ ਨੂੰ ਖਾਸ ਕਰਕੇ ਪੰਜਾਬ ਦੇ ਲੋਕਾਂ ਦੇ ਪੇਸ਼ ਆਉਂਦੀਆਂ ਮੁਸ਼ਕਿਲਾਂ ਤੇ ਉਂਗਲ ਧਰਦਾ ਹੈ। ਸਮੇਂ ਦੀਆਂ ਸਰਕਾਰਾਂ ਨੂੰ ਆਪਣੇ ਗੀਤਾਂ ਰਾਹੀਂ ਵੰਗਾਰਦਾ ਹੈ। ਉਸਦੀ ਕਲਮ ਲੋਕਾਂ ਦੀ ਅਵਾਜ਼ ਬਣਕੇ ਉਭਰਦੀ ਹੈ। ਉਸਦੇ ਗੀਤਾਂ ਤੋਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਸ ਦੇ ਅੰਦਰ ਇੱਕ ਅੱਗ ਹੈ ਜੋ ਹਰ ਤਰ੍ਹਾਂ ਦੀਆਂ ਸਮਾਜਿਕ, ਧਾਰਮਿਕ ਤੇ ਰਾਜਨੀਤਕ ਬੁਰਾਈਆਂ ਨੂੰ ਆਪਣੇ ਸੇਕ ਵਿੱਚ ਸਾੜਨਾ ਚਾਹੁੰਦੀ ਹੈ। ਉਸਦੇ ਗੀਤਾਂ ਦੇ ਬੋਲ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਉਹ ਜੇਕਰ ਇਸ ਤਰ੍ਹਾਂ ਹੀ ਸੋਚਦਾ ਵਿਚਾਰਦਾ ਰਿਹਾ ਤੇ ਕੁਝ ਹੋਰ ਮਿਹਨਤ ਕਰਕੇ ਲੋਕ ਕਵੀ ਸੰਤ ਰਾਮ ਉਦਾਸੀ ਵਰਗੇ ਗੀਤਾਂ ਦੀ ਸਿਰਜਣਾ ਕਰ ਸਕਦਾ ਹੈ। ਪੰਜਾਬੀ ਸਾਹਿਤ ਸਭਾ ਦੇ ਸਾਰੇ ਮੈਂਬਰਾਂ ਨੇ ਗੀਤਕਾਰ ਭਾਗੋਮਾਜਰਾ ਨੂੰ ਵਧਾਈ ਦਿੱਤੀ। ਉਸਦੀ ਕਲਮ ਤੋਂ ਪੰਜਾਬੀ ਸਾਹਿਤ ਜਗਤ ਨੂੰ ਵਧੇਰੇ ਆਸਾਂ ਹਨ। ਭੁਪਿੰਦਰ ਸਿੰਘ ਭਾਗੋਮਾਜਰਾ ਨੇ ਏਸੇ ਕਿਤਾਬ ਚੋਂ ਕੁਝ ਗੀਤ ਬੜੀ ਉੱਚੀ ਆਵਾਜ਼ ਅਤੇ ਆਪਣੇ ਵੱਖਰੇ ਅੰਦਾਜ਼ ਵਿੱਚ ਸੁਣਾਏ। ਸੁਰਿੰਦਰ ਗੀਤ ਨੇ ਭੁਪਿੰਦਰ ਭਾਗੋਮਾਜਰਾ ਦਾ ਸਭਾ ਵਲੋਂ ਸਨਮਾਨ ਕਰਦਿਆਂ ਆਪਣੀਆਂ ਕੁੱਝ ਕਿਤਾਬਾਂ ਭੇਟ ਕੀਤੀਆ। ਇਸ ਕਿਤਾਬ ਬਾਰੇ ਖੁੱਲ੍ਹੇ ਵਿਚਾਰ ਵਿਟਾਦਰੇ ਤੋਂ ਇਲਾਵਾ ਰਚਨਾਵਾਂ ਦੇ ਦੌਰ ਵਿੱਚ ਜਗਜੀਤ ਸਿੰਘ ਰੈਂਹਸੀ,ਸਰਬਜੀਤ ਕੌਰ ਉੱਪਲ, ਜਰਨੈਲ ਸਿੰਘ ਤੱਗੜ, ਸ਼ਿਵ ਕੁਮਾਰ ਸ਼ਰਮਾ, ਸੁਖਮਿੰਦਰ ਸਿੰਘ ਤੂਰ,ਮਨਮੋਹਨ ਸਿੰਘ ਬਾਠ,ਜੋਗਾ ਸਿੰਘ ਸਿਹੋਤਾ, ਮਨਜੀਤ ਬਰਾੜ,ਜਸਵੀਰ ਸਿੰਘ ਸਿਹੋਤਾ ਨੇ ਮੰਚ ਉਪਰੋਂ ਰਚਨਾਵਾਂ ਜ਼ਰੀਏ ਹਾਜਰੀ ਲਗਵਾਕੇ ਸਭ ਦਾ ਮਨੋਰੰਜਨ ਕੀਤਾ। ਵਿਚਾਰ ਵਿਟਾਂਦਰੇ ਵਿੱਚ ਦਿਲਾਵਰ ਸਿੰਘ ਸਮਰਾ, ਸੁਰਿੰਦਰ ਸਿੰਘ ਢਿੱਲੋਂ, ਅਤੇ ਗੁਰਦਿਆਲ ਸਿੰਘ ਖਹਿਰਾ ਨੇ ਹਿੱਸਾ ਲਿਆ। ਸੁਰਿੰਦਰ ਸਿੰਘ ਢਿੱਲੋਂ ਅਤੇ ਜਗਦੇਵ ਸਿੱਧੂ ਵਲੋਂ ਪਹਿਲੀ ਜੁਲਾਈ ਜਾਣੀ 'ਕੈਨੇਡਾ ਡੇ' ਬਾਰੇ ਦਿੱਤੀ ਮਹੱਤਵ ਪੂਰਣ ਜਾਣਕਾਰੀਬਹੁਤ ਪ੍ਰਭਾਵਸ਼ਾਲੀ ਰਹੀ। ਅਵਤਾਰ ਕੌਰ ਤੱਗੜ, ਮਨਜੀਤ ਕੌਰ ਖਹਿਰਾ , ਗੁਰਦੀਪ ਸਿੰਘ, ਹਰਬੰਸ ਸਿੰਘ, ਸੁਖਬੀਰ ਸਿੰਘ ਬੁੱਟਰ ਅਤੇ ਰਾਜਪ੍ਰੀਤ ਸਿੰਘ ਵੀ ਬੁੱਟਰ ਹਾਜਰ ਰਹੇ। ਸੁਰਿੰਦਰ ਗੀਤ ਨੇ ਸਭਾ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਆਪਣੀ ਇੱਕ ਗ਼ਜ਼ਲ ਸੁਣਾਈ।ਮੰਚ ਸੰਚਾਲਨ ਦਾ ਕੰਮ ਗੁਰਦਿਆਲ ਸਿੰਘ ਖਹਿਰਾ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਇਆ।
















# ਕੈਲਗਰੀ ਦੇ ਸਟੈਂਪੀਡ ਮੇਲੇ ਦੌਰਾਨ ਪੰਜਾਬੀ ਭਾਈਚਾਰੇ ਨੇ ਵੀ ਖ਼ੂਬ ਬਾਰਬੀਕਿਊ ਕੀਤੇ













ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੁਲਾਈ ਮਹੀਨੇ ਪਹਿਲੇ ਹਫਤਿਆਂ ਦੌਰਾਨ ਕੈਲਗਰੀ ਵਿੱਚ ਦੁਨੀਆਂ ਭਰ ਅੰਦਰ ਮਸ਼ਹੂਰ ਸਟੈਂਪੀਡ ਮੇਲਾ ਲੱਗਦਾ ਹੈ। ਇਹਨੀ ਦਿਨੀ ਸਾਰੇ ਹੀ ਭਾਈਚਾਰਿਆਂ ਦੇ ਲੋਕ ਆਪਣੇ ਆਪਣੇ ਕਾਰੋਬਾਰਾਂ ਨਾਲ ਸਬੰਧਿਤ ਲੋਕਾਂ ਅਤੇ ਹੋਰ ਆਮ ਲੋਕਾਂ ਨੂੰ ਬਾਰਬੀਕਿਊ ਲਈ ਸੱਦਾ ਪੱਤਰ ਭੇਜਦੇ ਹਨ। ਰਾਜਨੀਤਕ ਖੇਤਰ ਵਿੱਚ ਵਿਚਰਦੇ ਪੰਜਾਬੀ ਭਾਈਚਾਰੇ ਦੇ ਐਮ ਐਲ ਏ ਅਤੇ ਮੈਂਬਰਪਾਰਲੀਮੈਂਟਾਂ ਵੱਲੋਂ ਵੀ ਆਪੋ ਆਪਣੇ ਹਲਕੇ ਦੇ ਵੋਟਰਾਂ ਨਾਲ ਰਾਬਤਾ ਰੱਖਣ ਲਈ ਬਾਰਬੀਕਿਊ ਜਾਂ ਬਰੇਕਫਾਸਟ ਦੇ ਸਮਾਗਮ ਕੀਤੇ ਜਾਂਦੇ ਹਨ। ਫੋਰੈਸਟ ਲਾਨ ਹਲਕੇ ਤੋਂ ਜਸਰਾਜ ਹੱਲਣ ਅਤੇ ਕੈਲਗਰੀ ਸਕਾਈਵਿਊ ਤੋਂ ਜੌਰਜ ਚਾਹਲ ਵੱਲੋਂ ਰੱਖੇ ਗਏ ਬਰੇਕਫਾਸਟ ਸਮਾਗਮਾਂ ਦੀਆਂ ਰੌਣਕਾਂ ਵੇਖਣ ਵਾਲੀਆਂ ਸਨ । ਚਾਹਲ ਦੇ ਬਾਰਬੀਕਿਊ ਮੌਕੇ ਤਾਂ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖ਼ੁਦ ਉੱਥੇ ਪਹੁੰਚਕੇ ਲੋਕਾਂ ਨੂੰ ਆਪਣੇ ਹੱਥੀ ਪੈਨਕੇਕ ਖਵਾਏ।

ਸਿੱਧੂ ਪੇਂਟਿੰਗ ਵਾਲਿਆਂ ਦੇ ਬਾਰਬੀਕਿਊ ਮੌਕੇ ਲੱਗੀਆਂ ਰੌਣਕਾਂ ਬਠਿੰਡਾ ਜਿਲੇ ਦੇ ਪਿੰਡ ਲਹਿਰਾ ਮੁਹੱਬਤ ਤੋਂ ਕਨੇਡਾ ਆਕੇ ਕਾਰੋਬਾਰੀ ਬਣੇ ਦਰਸਨ ਸਿੰਘ ਸਿੱਧੂ ਵੱਲੋਂ ਵੀ ਬੀਤੇ ਦਿਨੀ ਅਜਿਹੇ ਬਾਰਬੀਕਿਊ ਦਾ ਆਜੋਜਿਨ ਕੀਤਾ ਗਿਆ ਜਿਸ ਦੌਰਾਨ ਵੱਡੀ ਗਿਣਤੀ ਵਿੱਚ ਕੈਲਗਰੀ ਵਾਸੀਆਂ ਨੇ ਹਾਜਰੀ ਭਰੀ।

ਕੈਲਗਰੀ ਬੈਸਟ ਬਾਇ ਫਰਨੀਚਰ ਵਾਲੇ ਕਰਮਪਾਲ ਸਿੱਧੂ ਨੇ ਬਾਰਬੀਕਿਊ ਦੇ ਨਾਲ ਨਾਲ ਗਾਉਣ ਪਾਣੀ ਦਾ ਵੀ ਰੰਗ ਬੰਨਿਆ। ਕੈਲਗਰੀ ਦੇ ਸਥਾਨਿਕ ਗਾਇਕਾਂ ਗੁਰਜੀਤ ਘੋਲੀਆ,ਦਲਜੀਤ ਸੰਧੂ,ਗੁਰਜਾਨ ਅਤੇ ਵਿਸੇਸ ਤੌਰ ਤੇ ਆਏ ਨਵੀਂ ਪੀੜੀ ਦੇ ਗਾਇਕ ਅਮਰ ਸੈਂਭੀ ਅਤੇ ਲੁੰਗੀ ਵਾਲੀ ਸੁਖਦੀਪ ਗਰੇਵਾਲ ਨੇ ਖ਼ੂਬ ਰੌਣਕਾਂ ਲਾਈਆਂ। 5911 ਟਰੈਕਟਰ,1938 ਮਾਡਲ ਦਾ ਇੱਕ ਪੁਰਾਣਾ ਪਿੱਕਅੱਪ ਟਰੱਕ, 1968 ਮਾਡਲ ਜੀਪ ਵਿਸੇਸ ਖਿੱਚ ਦਾ ਕੇਂਦਰ ਰਹੇ। ਸਾਮੀ 4 ਵਜੇ ਤੋਂ ਸੁਰੂ ਹੋਕੇ ਦੇਰ ਰਾਤ 8 ਵਜੇ ਤੱਕ ਗਰਮਾਂ ਗਰਮ ਬਾਰਬੀਕਿਊ ਅਤੇ ਮਨਭਾਉਂਦੇ ਸੰਗੀਤ ਦੇ ਜ਼ਰੀਏ ਕਰਮਪਾਲ ਸਿੱਧੂ ਨੇ ਆਪਣੇ ਫਰਨੀਚਰ ਦੇ ਬਿਜਨਿਸ ਨਾਲ ਜੁੜੇ ਗਾਹਕਾਂ ਅਤੇ ਹੋਰਨਾਂ ਕੈਲਗਰੀ ਵਾਸੀਆਂ ਦਾ ਧੰਨਵਾਦ ਕੀਤਾ।












## ਕੈਲਗਰੀ ਦਾ ਵਿਸ਼ਵ ਪ੍ਰਸਿੱਧ ਸਟੈਂਪੀਡ ਮੇਲਾ ਸਮਾਪਤ- ਲੱਖਾਂ ਲੋਕਾਂ ਨੇ ਕੀਤੀ ਸ਼ਿਰਕਤ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦਾ ਵਿਸ਼ਵ ਪ੍ਰਸਿੱਧ ਸਟੈਂਪੀਡ ਮੇਲਾ ਜੋ ਕਿ 8 ਜੁਲਾਈ ਦਿਨ ਸੁੱਕਰਵਾਰ ਨੂੰ ਸਾਨਦਾਰ ਪਰੇਡ ਨਾਲ ਸ਼ੁਰੂ ਹੋਇਆ ਸੀ, ਉਹ ਬੀਤੀ 17 ਜੁਲਾਈ ਦੀ ਸ਼ਾਮ ਨੂੰ ਸਮਾਪਤ ਹੋ ਗਿਆ ਹੇ। ਵਰਨਣਯੋਗ ਹੈ ਕਿ ਕੋਰੋਨਾ ਮਹਾਂਮਾਰੀ ਕਾਰਨ ਸਾਲ 2020 ਵਿੱਚ ਸਟੈਮਪੀਡ ਰੱਦ ਕਰ ਦਿੱਤੀ ਗਈ ਸੀ । ਪਿਛਲੇ ਸਾਲ ਕਈ ਪਾਬੰਦੀਆਂ ਨਾਲ ਸਟੈਮਪੀਡ ਆਯੋਜਿਤ ਕੀਤੀ ਗਈ ਸੀ। ਜਿਸ ਵਿੱਚ ਦਰਸ਼ਕ ?ਨੀ ਗਿਣਤੀ ਵਿੱਚ ਨਹੀਂ ਪਹੁੰਚ ਸਕੇ ਸਨ ਪਰ ਇਸ ਵਾਰ ਸਾਰ ਦਿਨਾਂ ਦੌਰਾਨ ਹੀ ਦਿਨ ਹੀ ਸਟੈਂਪੀਡ ਵਿਚ ਦਰਸ਼ਕਾਂ ਦੀ ਅਥਾਹ ਭੀੜ ਅਤੇ ਉਤਸ਼ਾਹ ਵੇਖਣ ਨੂੰ ਮਿਲਿਆ ਤੇ ਲੱਖਾਂ ਦਰਸ਼ਕਾਂ ਨੇ ਸਟੈਂਪੀਡ ਦਾ ਆਨੰਦ ਮਾਣਿਆ । ਸਾਲ 2012 ਦੀ ਸਾਲਾਨਾ ਵਰੇਗੰਢ ਮੌਕੇ 14 ਲੱਖ ਮੇਲੇ ਦੇ ਸੌਕੀਨ ਕੈਲਗਰੀ ਪੁੱਜੇ ਸਨ ਜਦੋਂ ਕਿ ਸਾਲ 2022 ਦੌਰਾਨ ਇਹ ਗਿਣਤੀ 12 ਲੱਖ ਦੇ ਨੇੜੇ ਤੇੜੇ ਰਹੀ ।



















## ਸੰਪਾਦਕੀ



ਭਰੋਸਾ ਨੇੜਤਾ ਦਾ ਸਬੱਬ ਬਣਦਾ ਹੈ।
-ਮਾਰਕਸ ਗਾਰਵੇ

# ਇਯਾਲੀ ਦੀ ਬਗਾਵਤ ਦੇ ਅਰਥ

ਪਿਛਲੇ ਕੁੱਝ ਸਾਲਾਂ ਤੋਂ ਜਿਸ ਤਰ੍ਹਾਂ ਅਕਾਲੀ ਦਲ ਸਿਆਸੀ ਨਕਸ਼ੇ ਤੋਂ ਮਨਫੀ ਹੁੰਦਾ ਜਾ ਰਿਹਾ ਹੈ ਉਸ ਨੂੰ ਦੇਖਦੇ ਹੋਏ ਇਸ ਪਾਰਟੀ ਦੇ ਲੀਡਰਾਂ ਵਿੱਚ ਬੇਚੈਨੀ ਨਜ਼ਰ ਆ ਰਹੀ ਸੀ। 2017 ਦੀ ਚੋਣ ਵਿੱਚ ਤਾਂ ਅਕਾਲੀ ਦਲ ਹਾਲਤ ਕੁੱਝ ਚੰਗੀ ਸੀ ਪਰ 2022 ਦੀਆਂ ਚੋਣਾਂ ਵਿੱਚ ਤਾਂ ਇਸ ਪਾਰਟੀ ਦਾ ਬਿਲਕੁਲ ਹੀ ਮਾੜਾ ਹਾਲ ਹੋ ਗਿਆ। ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਤਾਂ ਅਕਾਲੀ ਉਮੀਦਵਾਰ ਆਪਣੀ ਜ਼ਮਾਨਤ ਵੀ ਬਚਾ ਨਹੀਂ ਸਕੀ। ਇਸ ਲਈ ਅਕਾਲੀ ਦਲ ਦੀ ਲੀਡਰਸ਼ਿਪ ਉੱਤੇ ਪ੍ਰਸ਼ਨ ਖੜ੍ਹੇ ਹੋ ਰਹੇ ਹਨ। ਅਕਾਲੀ ਲੀਡਰ ਪਾਰਟੀ ਦੀ ਲੀਡਰਸ਼ਿਪ ਵਿੱਚ ਤਬਦੀਲੀ ਤਾਂ ਚਾਹੁੰਦੇ ਸਨ ਪਰ ਕਹਿਣ ਦੀ ਜੁਅਰਤ ਨਹੀਂ ਰੱਖਦੇ ਸਨ। ਹੁਣ ਜਦੋਂ ਮੌਕਾ ਮਿਲਿਆ ਤਾਂ ਮਨਪ੍ਰੀਤ ਸਿੰਘ ਇਯਾਲੀ ਨੇ ਲੀਡਰਸ਼ਿਪ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ। ਰਾਸ਼ਟਰਪਤੀ ਦੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਵੋਟ ਨਾ ਪਾਉਣ (ਬਾਈਕਾਟ ਕਰਨ) ਦੇ ਕਈ ਕਾਰਨ ਦੱਸੇ ਹਨ। ਸੁਆਲਾਂ ਦੇ ਰੂਪ ਵਿੱਚ ਦੱਸੇ ਗਏ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਜਵਾਬਦੇਹੀ ਮੰਗਣ ਵਾਲੇ ਹਨ। ਇਯਾਲੀ ਲੁਧਿਆਣਾ ਜ਼ਿਲ੍ਹੇ ਦੇ ਦਾਖਾ ਵਿਧਾਨ ਸਭਾ ਹਲਕੇ ਤੋਂ ਚੁਣੇ ਗਏ ਵਿਧਾਇਕ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਦਰਬਾਰ ਸਾਹਿਬ ਉੱਤੇ ਹਮਲੇ ਅਤੇ ਦਿੱਲੀ ਸਮੇਤ ਕਈ ਸ਼ਹਿਰਾਂ ਵਿੱਚ ਸਿੱਖਾਂ ਦੇ ਕਤਲੇਆਮ ਕਰਕੇ ਉਹ ਕਾਂਗਰਸ ਦੇ ਉਮੀਦਵਾਰ ਨੂੰ ਵੋਟ ਨਹੀਂ ਪਾ ਸਕਦੇ। ਉਸ ਨੇ ਭਾਜਪਾ ਦੇ ਉਮੀਦਵਾਰ ਨੂੰ ਵੀ ਵੋਟ ਪਾਉਣ ਤੋਂ ਇਨਕਾਰ ਕੀਤਾ ਕਿਉਂਕਿ ਉਸ ਦੇ ਅਨੁਸਾਰ, ਭਾਜਪਾ ਨੇ ਪੰਜਾਬ ਅਤੇ ਪੰਥ ਦੇ ਮੁੱਦੇ ਹੱਲ ਨਹੀਂ ਕਰਵਾਏ ਭਾਵੇਂ ਅਕਾਲੀ ਦਲ ਬਹੁਤ ਦੇਰ ਤੱਕ ਭਾਜਪਾ ਦਾ ਸਮਰਥਨ ਕਰਦਾ ਰਿਹਾ ਹੈ।

ਇਸ ਸਮੇਂ ਵੀ ਭਾਜਪਾ ਨੂੰ ਪੰਜਾਬ ਦੇ ਅਹਿਮ ਮੁੱਦਿਆਂ ਜਿਵੇਂ ਚੰਡੀਗੜ੍ਹ, ਪਾਣੀਆਂ ਦੀ ਵੰਡ, ਪੰਜਾਬ ਯੂਨੀਵਰਸਿਟੀ ਦਾ ਮਾਮਲਾ, ਬੀਬੀਐੱਮਬੀ ਦੇ ਮੈਂਬਰ ਆਦਿ ਦੀ ਹਮਾਇਤ ਕਰਨੀ ਚਾਹੀਦੀ ਸੀ। ਅਕਾਲੀ ਦਲ ਤੋਂ ਲੋਕਾਂ ਦਾ ਮੋਹ ਭੰਗ ਹੋਣ ਦੀ ਗੱਲ ਕਰਦਿਆਂ ਇਯਾਲੀ ਨੇ ਕਿਹਾ ਕਿ ਸਮੀਖਿਆ ਲਈ ਪਾਰਟੀ ਨੇ 13 ਮੈਂਬਰੀ ਕਮੇਟੀ ਬਣਾਈ ਸੀ; ਸੌ ਹਲਕਿਆਂ ਵਿੱਚ ਪਾਰਟੀ ਕਾਰਕੁਨਾਂ ਦੇ ਵਿਚਾਰ ਜਾਣਨ ਪਿੱਛੋਂ ਕਮੇਟੀ ਨੇ ਰਿਪੋਰਟ ਦਿੱਤੀ ਹੈ; ਰਿਪੋਰਟ ਮੁਤਾਬਿਕ ਅਕਾਲੀ ਦਲ ਦੀ ਲੀਡਰਸ਼ਿਪ 'ਚ ਤਬਦੀਲੀ ਜ਼ਰੂਰੀ ਹੈ, ਇਸ 'ਤੇ ਗੌਰ ਕੀਤਾ ਜਾਣਾ ਚਾਹੀਦਾ ਹੈ। ਇਯਾਲੀ ਨੇ ਦੱਸਿਆ ਕਿ ਉਸ ਨੇ ਇਹ ਫ਼ੈਸਲਾ ਆਪਣੇ ਹਲਕੇ ਦੇ ਵੋਟਰਾਂ, ਬੁੱਧੀਜੀਵੀਆਂ ਅਤੇ ਪਾਰਟੀ ਦੇ ਬਹੁਤ ਸਾਰੇ ਸੀਨੀਅਰ ਆਗੂਆਂ ਨਾਲ ਮਸ਼ਵਰਾ ਕਰਨ ਤੋਂ ਬਾਅਦ ਕੀਤਾ ਹੈ।

ਇਯਾਲੀ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ 'ਚ ਬਣਾਈ 13 ਮੈਂਬਰੀ ਕਮੇਟੀ ਦਾ ਵੀ ਮੈਂਬਰ ਸੀ। ਕਮੇਟੀ ਦਾ ਕਹਿਣਾ ਹੈ ਕਿ ਪਾਰਟੀ ਨੇ ਵੱਡੀਆਂ ਗਲਤੀਆਂ ਕੀਤੀਆਂ ਹਨ ਜਿਨ੍ਹਾਂ ਦੀ ਭੁੱਲ ਬਖ਼ਸ਼ਾਉਣੀ ਜ਼ਰੂਰੀ ਹੈ। ਇਯਾਲੀ ਦਾ ਇਹ ਸੱਦਾ ਪਾਰਟੀ ਲਈ ਨਿਰਣਾਇਕ ਮੋੜ ਸਾਬਤ ਹੋ ਸਕਦਾ ਹੈ। ਸਵਾਲ ਪੁੱਛਿਆ ਜਾ ਰਿਹਾ ਹੈ ਕਿ ਇਸ ਨੌਜਵਾਨ ਆਗੂ ਨੂੰ ਦਲੀਲ ਸਹਿਤ ਵੱਡੇ ਸੁਆਲ ਖੜ੍ਹੇ ਕਰਨ ਕਾਰਨ ਉਸ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਜਾਂ ਨਹੀਂ। ਤਕਨੀਕੀ ਤੌਰ 'ਤੇ ਕੋਈ ਵ੍ਹਿਪ ਜਾਰੀ ਨਹੀਂ ਕੀਤਾ ਗਿਆ ਪਰ ਜਥੇਬੰਦਕ ਕਾਰਵਾਈ ਹੋ ਸਕਦੀ ਹੈ। ਪਾਰਟੀ ਦੇ ਹੋਰ ਆਗੂਆਂ ਦੁਆਰਾ ਇਯਾਲੀ ਦੀ ਹਮਾਇਤ ਕਰਨਾ ਜਾਂ ਨਾ ਕਰਨਾ ਫ਼ੈਸਲਾਕੁਨ ਹੋਵੇਗਾ। ਜਾਣਕਾਰੀ ਅਨੁਸਾਰ 13 ਮੈਂਬਰੀ ਕਮੇਟੀ ਦੀ ਬਹੁਸੰਮਤੀ ਸੱਚਾਈ ਬਿਆਨ ਕਰਨ 'ਤੇ ਅੜ ਗਈ ਸੀ। ਪਿਛਲੇ ਦਿਨੀਂ ਜਗਮੀਤ ਸਿੰਘ ਨੇ ਵੀ ਲੀਡਰਸ਼ਿਪ 'ਚ ਤਬਦੀਲੀ ਦਾ ਮੁੱਦਾ ਉਠਾਇਆ ਸੀ। ਕੁੱਝ ਦਿਨ ਪਹਿਲਾਂ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਵੀ ਅਕਾਲੀ ਆਗੂਆਂ ਦੀ ਅਗਵਾਈ 'ਤੇ ਸੁਆਲ ਉਠਾਏ ਸਨ। ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਆਗੂਆਂ ਵਿੱਚ ਫੈਲੀ ਬੇਚੈਨੀ ਦਾ ਸਾਹਮਣਾ ਕਰਨਾ ਪੈਣਾ ਹੈ।


**ਸੁਖਜਿੰਦਰ ਸਮਰਾ**
**ਮੋ. 95835-92000**

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਵਿਸ਼ਵ ਗੁਰੂ - ਅੱਗਾ ਦੌੜ, ਪਿੱਛਾ ਚੌੜ



ਗੁਰਮੀਤ ਸਿੰਘ ਪਲਾਹੀ

ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ ਵਿਸ਼ਵ ਅਰਥ ਵਿਵਸਥਾ ਥੱਲੇ ਡਿੱਗ ਰਹੀ ਹੈ। ਮੰਦੀ ਵਧ ਰਹੀ ਹੈ। ਮੰਦੀ ਦਾ ਭਾਵ ਹੁੰਦਾ ਹੈ ਕਿ ਹਰ ਤਿਮਾਹੀ ਵਿੱਚ ਗਿਰਾਵਟ ਦਰਜ਼ ਹੋਵੇ, ਜੋ ਕਿ ਹੋ ਰਹੀ ਹੈ। ਇਹ ਕਹਿਣਾ ਤਾਂ ਹਾਲੇ ਮੁਸ਼ਕਿਲ ਹੈ ਕਿ ਇਹ ਸਭ ਕਿਥੋਂ ਤੱਕ ਜਾਏਗਾ? ਲੇਕਿਨ ਇੱਕ ਫ਼ਰਕ ਹੈ ਉਹ ਇਹ ਕਿ 1930 ਵਿੱਚ ਸਾਨੂੰ ਪਤਾ ਨਹੀਂ ਸੀ ਕਿ ਅਸੀਂ ਮੰਦੀ ਵਿੱਚੋਂ ਕਿਵੇਂ ਨਿਕਲਾਂਗੇ, ਪਰ ਅੱਜ ਪਤਾ ਹੈ ਕਿ ਇਸ 'ਚੋ ਕਿਵੇਂ ਨਿਕਲਿਆ ਜਾ ਸਕਦਾ ਹੈ? ਜੇਕਰ ਅਸੀਂ ਚਾਹੀਏ ਤਾਂ ਅਸੀਂ ਇਸਨੂੰ ਰੋਕ ਸਕਦੇ ਹਾਂ।

ਰੂਸ-ਯੂਕਰੇਨ ਜੰਗ ਦਾ ਅਸਰ ਸਾਡੇ ਦੇਸ਼ ਉਤੇ ਵੀ ਹੋਇਆ ਹੈ। ਸਾਡੀ ਅਰਥ ਵਿਵਸਥਾ ਡਾਵਾਂਡੋਲ ਹੋ ਗਈ ਹੈ। 2019 ਵਿੱਚ ਹੀ ਸਾਡਾ ਜੀ.ਡੀ.ਪੀ. ਦਾ ਜੋ ਟੀਚਾ ਸੀ, ਉਹ ਪੂਰਾ ਨਹੀਂ ਹੋਇਆ। ਸਾਡਾ ਅਸੰਗਠਿਤ ਖੇਤਰ ਮਹਾਂਮਾਰੀ ਸਮੇਂ ਬੁਰੀ ਤਰ੍ਹਾਂ ਪ੍ਰਭਾਵਤ ਹੋ ਗਿਆ ਸੀ। ਜੀ.ਡੀ.ਪੀ. ਪ੍ਰਭਾਵਤ ਹੋਈ। ਜੀ.ਡੀ.ਪੀ. ਦੇ ਸਰਕਾਰੀ ਅੰਕੜਿਆਂ 'ਚ ਅਸੀਂ ਅਸੰਗਠਿਤ ਖੇਤਰ ਦੇ ਅੰਕੜੇ ਜੋੜਦੇ ਹੀ ਨਹੀਂ। ਇਹ ਤੱਥ ਵੀ ਸਪਸ਼ਟ ਹੈ ਕਿ ਮਹਿੰਗਾਈ ਨਾਲ ਵਧੀ ਹੋਈ ਬੇਰੁਜ਼ਗਾਰੀ ਸਾਡੀ ਅਰਥ ਵਿਵਸਥਾ 'ਚ ਹੋਰ ਅਸਰ ਪਾ ਸਕਦੀ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2024-25 ਤੱਕ 5 ਟ੍ਰਿਲੀਅਨ ਡਾਲਰ ਇਕੌਨਮੀ ਦਾ ਟੀਚਾ ਰੱਖਿਆ ਹੈ। ਵਾਧੇ ਦੀ ਦਰ ਅੱਛੀ ਹੋਏਗੀ ਤਾਂ ਇਹ ਟੀਚਾ ਪੂਰਾ ਹੋ ਸਕਦਾ ਸੀ, ਲੇਕਿਨ ਇਹ ਹੁਣ ਇਹੋ ਜਿਹਾ ਨਹੀਂ ਹੋ ਰਿਹਾ। ਡਾਲਰ ਦੇ ਮੁਕਾਬਲੇ ਰੁਪਿਆ ਕਮਜ਼ੋਰ ਹੋ ਰਿਹਾ ਹੈ। ਡਾਲਰ ਦੇ ਮੁਕਾਬਲੇ ਰੁਪਿਆ ਕਮਜ਼ੋਰ ਹੋਣ ਦਾ ਕਾਰਨ ਹੈ ਕਿ ਡਾਲਰ ਇੱਕ ਤਰ੍ਹਾਂ ਨਾਲ ਦੁਨੀਆ ਦੀ ਰਿਜ਼ਰਵ ਕਰੰਸੀ ਹੈ। ਜਦੋਂ ਵੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਲੋਕ ਡਾਲਰ "ਹੋਲਡ" ਕਰਦੇ ਹਨ, ਜਿਸ ਨਾਲ ਉਹ ਆਪਣੇ ਆਪ ਨੂੰ ਬਚਾ ਸਕਣ। ਦੂਸਰੇ ਪਾਸੇ ਸਾਡਾ ਉਤਪਾਦਨ ਘਾਟਾ ਵੀ ਤੇਜ਼ੀ ਨਾਲ ਵੱਧ ਰਿਹਾ ਹੈ। 5 ਬਿਲੀਅਨ ਡਾਲਰ ਪੂੰਜੀ ਹਰ ਮਹੀਨੇ ਵਾਪਸ ਵਿਦੇਸ਼ ਜਾ ਰਹੀ ਹੈ, ਵਿਦੇਸ਼ੀ ਨਿਵੇਸ਼ ਘੱਟ ਰਿਹਾ ਹੈ। ਐਨ.ਆਰ.ਆਈ. ਵੀ ਪੈਸਾ ਨਹੀਂ ਲਾ ਰਹੇ। ਇਸ ਨਾਲ ਰੁਪਿਆ ਕਮਜ਼ੋਰ ਹੋ ਗਿਆ ਹੈ। ਇੱਕ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ 79.45 ਰੁਪਏ ਰਹਿ ਗਈ ਹੈ। ਮਹਾਂਮਾਰੀ ਦੇ ਪਹਿਲਾਂ ਵੀ ਵਾਧਾ ਰੇਟ 8 ਫ਼ੀਸਦੀ ਤੋਂ ਘਟਾਕੇ 3.1 ਫ਼ੀਸਦੀ ਰਹਿ ਗਿਆ ਸੀ। ਉਸਦੇ ਬਾਅਦ ਤਾਂ ਇਹ ਹੇਠਾਂ ਹੀ ਡਿਗਦਾ ਰਿਹਾ। ਖ਼ਾਸ ਕਰ ਸਾਡਾ ਅਸੰਗਠਿਤ ਖੇਤਰ ਜਿਥੇ 94 ਫ਼ੀਸਦੀ ਲੋਕ ਕੰਮ ਕਰਦੇ ਹਨ ਬਿਲਕੁਲ ਪੱਛੜ ਗਿਆ। ਸਰਵਿਸ ਸੈਕਟਰ ਬੰਦ ਹੋ ਗਏ। ਪ੍ਰੇਸ਼ਾਨ ਲੋਕ ਪਿੰਡਾਂ 'ਚ ਜਾਕੇ ਮਨਰੇਗਾ ਦੇ ਕੰਮ ਲੱਭਣ ਲੱਗੇ। ਮਨਰੇਗਾ 'ਚ ਪੈਸੇ ਦੀ ਕਮੀ ਦੇਖਣ ਨੂੰ ਮਿਲੀ। ਉਂਜ ਵੀ ਮਨਰੇਗਾ 'ਚ 100 ਦਿਨ ਦਾ ਰੁਜ਼ਗਾਰ ਨਿਸ਼ਚਤ ਹੈ। ਸਰਕਾਰ ਵਲੋਂ ਕਰਜ਼ਾ ਦੇਣ ਨਾਲ ਸਥਿਤੀ ਸੁਧਰਨ ਵਾਲੀ ਨਹੀਂ ਹੈ, ਕਿਉਂਕਿ ਮੰਗ ਵਿੱਚ ਵੀ ਕਮੀ ਆ ਚੁੱਕੀ ਹੈ। ਆਤਮ ਨਿਰਭਰਤਾ ਦੇ ਲਈ ਸਾਨੂੰ ਆਪਣੀ ਤਕਨੀਕ ਦਾ ਵਿਕਾਸ ਕਰਨਾ ਚਾਹੀਦਾ ਸੀ, ਜਿਸਦੀ ਕਮੀ ਹੈ। ਪਿਛਲੇ 10 ਸਾਲ ਤੋਂ ਗਣੇਸ਼ ਦੀ ਮੂਰਤੀ, ਪਤੰਗ-ਮਾਂਝਾ ਸਭ ਚੀਨ ਤੋਂ ਆ ਰਿਹਾ ਹੈ। ਉਹਨਾ ਦੇ ਸਸਤੇ ਮਾਲ ਨਾਲ ਸਾਡਾ ਅਸੰਗਠਿਤ ਖੇਤਰ ਚੌਪਟ ਹੋ ਗਿਆ। ਚੀਨ ਨੂੰ ਦੁਸ਼ਮਣ ਵੀ ਅਸੀਂ ਸਮਝਦੇ ਹਾਂ, ਪਰ ਉਸ ਤੋਂ ਚੀਜ਼ਾਂ ਆਉਣੀਆਂ ਵੱਧ ਰਹੀਆਂ ਹਨ ਭਾਵ ਆਯਾਤ ਵੱਧਦਾ ਜਾ ਰਿਹਾ ਹੈ। ਇਸ ਨਾਲ ਸਾਡੇ ਉਦਯੋਗ ਉਤੇ ਅਸਰ ਹੋਇਆ ਹੈ। 2003 ਤੱਕ ਜੋ ਦਵਾਈਆਂ ਬਣਾਉਣ ਲਈ ਈ.ਪੀ.ਆਈ. ਅਸੀਂ ਖ਼ੁਦ ਬਨਾਉਂਦੇ ਸੀ, ਉਸਦੇ ਬਾਅਦ ਅਸੀਂ ਦੂਸਰੇ ਦੇਸ਼ਾਂ 'ਤੇ ਨਿਰਭਰ ਹੋ ਗਏ। ਤਾਂ ਫਿਰ ਸਾਡੀ ਆਤਮ ਨਿਰਭਰਤਾ ਹੈ ਕਿਥੇ?

ਸਾਡੀ ਅਰਥ ਵਿਵਸਥਾ 15-20 ਪ੍ਰਤੀਸ਼ਤ ਡਿੱਗ ਗਈ ਹੈ ਜਦ ਕਿ ਉਸਨੂੰ ਘੱਟ ਤੋਂ ਘੱਟ 4 ਪ੍ਰਤੀਸ਼ਤ ਵਧਣਾ ਚਾਹੀਦਾ ਸੀ। ਜੇਕਰ ਸਾਡੀ ਵਾਧਾ ਦਰ ਅੱਛੀ ਹੋਏਗੀ ਤਾਂ ਸਾਡੀ ਹਾਲਤ ਸੁਧਰਨ ਲੱਗੇਗੀ। ਹੁਣ ਕਿਉਂਕਿ ਅਸੰਗਠਿਤ ਖੇਤਰ ਵਿੱਚ ਗਿਰਾਵਟ ਲਗਾਤਾਰ ਜਾਰੀ ਹੈ, ਇਸ ਲਈ ਸੁਧਾਰ ਵਿੱਚ 15 ਸਾਲ ਵੀ ਲੱਗ ਸਕਦੇ ਹਨ।

ਮਹਾਂਮਾਰੀ ਤੋਂ ਬਾਅਦ ਦੇਸ਼ ਵਿੱਚ ਬੇਰੁਜ਼ਗਾਰੀ ਘੱਟ ਨਹੀਂ ਹੋ ਰਹੀ । ਆਰ.ਬੀ.ਆਈ. ਦੀ ਕਰੰਸੀ ਅਤੇ ਫਾਇਨੈਂਸ 'ਤੇ ਜਾਰੀ ਤਾਜਾ ਰਿਪੋਰਟ ਦਸਦੀ ਹੈ ਕਿ ਭਾਰਤ ਦੇ ਉਤਪਾਦਨ ਵਿੱਚ 50 ਲੱਖ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਆਰ.ਬੀ.ਆਈ. ਦੇ ਅਨੁਸਾਰ 2022 ਵਿੱਚ ਘਾਟਾ 17.1 ਲੱਖ ਕਰੋੜ ਦਾ ਰਹਿ ਸਕਦਾ ਹੈ। ਇਹੋ ਜਿਹੇ ਹਾਲਾਤਾਂ ਵਿੱਚ ਅਸੀਂ ਵਿਸ਼ਵ ਗੁਰੂ ਕਿਵੇਂ ਦੇ ਹੋਏ?

ਇਹ ਅਸਲੀਅਤ ਹੈ ਕਿ ਅਸੀਂ ਇੱਕ ਗਰੀਬ ਦੇਸ਼ ਹਾਂ। ਤਕਨੀਕ 'ਚ ਵੀ ਪੱਛੜੇ ਹੋਏ ਹਾਂ। ਜਦੋਂ ਵਿਸ਼ਵ ਗੁਰੂ ਦੇ ਤਮਗੇ ਦੀ ਬੁੱਕਲ ਮਾਰ ਲੈਂਦੇ ਹਾਂ ਉਦੋਂ ਬਹੁਤ ਹੀ ਹਮਲਾਵਰ ਹੋ ਜਾਂਦੇ ਹਾਂ। ਸਾਡੇ ਪ੍ਰਧਾਨ ਮੰਤਰੀ ਦੇ ਮੂੰਹੋਂ ਨਿਕਲੇ ਇਹ ਸ਼ਬਦ ਤਾਂ ਨਿਰਾ ਝੂਠ ਜਾਪਦੇ ਹਨ, ਜਦੋਂ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਅਸੀਂ ਸਾਰੀ ਦੁਨੀਆ ਨੂੰ ਅਨਾਜ਼ ਦੇਵਾਂਗੇ, ਪਰ ਚਾਰ ਮੁਲਕਾਂ ਨੂੰ ਅਨਾਜ਼ ਦੇਕੇ ਸਾਡੀ ਬੱਸ ਹੋ ਗਈ। ਅਨਾਜ਼ ਦੀ ਖੇਪ ਬੰਦ ਕਰਨੀ ਪਈ। ਜਨਵਰੀ 2021 ਵਿੱਚ ਵਰਲਡ ਇਕਨੌਮਿਕਸ ਫੋਰਮ ਵਿੱਚ ਭਾਰਤ ਨੇ ਕਿਹਾ ਕਿ ਉਸਨੇ ਮਹਾਂਮਾਰੀ ਨੂੰ ਬਹੁਤ ਅੱਛੀ ਤਰ੍ਹਾਂ ਕਾਬੂ ਕੀਤਾ। ਲੇਕਿਨ ਦੂਜੀ ਲਹਿਰ ਵਿੱਚ ਸਾਡੇ ਹੱਥ ਪੈਰ ਫੁੱਲ ਗਏ। ਫਿਰ ਵੀ ਅਸੀਂ ਕਲੇਮ ਕਰੀ ਜਾ ਰਹੇ ਹਾਂ ਕਿ ਅਸੀਂ ਜਗਤ ਗੁਰੂ ਹਾਂ। ਸਭ ਕਾ ਵਿਕਾਸ, ਸਭ ਕਾ ਸਾਥ ਦਾ ਨਾਹਰਾ ਬੁਰੀ ਤਰ੍ਹਾਂ ਫੇਲ੍ਹ ਹੋਇਆ। ਨਵੀਆਂ ਸ਼ੁਰੂ ਸਕੀਮਾਂ ਫਲਾਪ ਹੋ ਗਈਆਂ।

ਸਟੈਂਡ ਅੱਪ ਇੰਡੀਆ ਸਕੀਮ ਕਿਥੇ ਗੁੰਮ ਗਈ? ਗਰੀਬਾਂ ਲਈ ਬਣਾਈ ਜਨ-ਧਨ ਯੋਜਨਾ ਦਾ ਕੀ ਬਣਿਆ? ਫਰਵਰੀ 2021 ਵਿੱਚ ਭਾਰਤ ਸਰਕਾਰ ਵਲੋਂ 131 ਸਕੀਮਾਂ ਚੱਲ ਰਹੀਆਂ ਸਨ। ਸਾਲ 2022 'ਚ ਇਨ੍ਹਾਂ ਵਿੱਚ 65 ਉਤੇ 442781 ਕਰੋੜ ਰੱਖੇ ਗਏ। ਇਹਨਾ ਸਕੀਮਾਂ ਬਾਰੇ ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਕਿ ਕੋਈ ਵੀ ਨਵੀਂ ਸਕੀਮ ਚਾਲੂ ਕਰਨ ਤੋਂ ਪਹਿਲਾਂ ਫੰਡਾਂ ਦਾ ਪ੍ਰਬੰਧ ਜ਼ਰੂਰੀ ਹੈ ਅਤੇ ਉਸ ਉਤੇ ਵੀ ਉਤਨਾ ਜ਼ਿਆਦਾ ਜ਼ਰੂਰੀ ਹੈ ਖ਼ਰਚਾ ਕਰਨਾ। ਮੋਦੀ ਸਰਕਾਰ ਨੇ "ਗੰਗਾ ਸਫ਼ਾਈ ਮੁਹਿੰਮ" ਚਾਲੂ ਕੀਤੀ, ਆਯੂਸ਼ਮਾਨ ਭਾਰਤ ਚਾਲੂ ਕੀਤੀ, ਇਹਨਾ ਸਕੀਮਾਂ ਉਤੇ ਵੱਡੀਆਂ ਰਕਮਾਂ ਮਨਜ਼ੂਰ ਕੀਤੀਆਂ, ਪਰ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਹੋ ਸਕੀਆਂ, ਸਕੀਮਾਂ ਤੇ ਲੋੜੀਂਦਾ ਖ਼ਰਚਾ ਹੋ ਨਹੀਂ ਸਕਿਆ। ਬੇਟੀ ਬਚਾਓ, ਬੇਟੀ ਪੜਾਓ ਯੋਜਨਾ ਸੀ ਏ ਜੀ ਇੰਡੀਆ (ਕੰਪਟਰੋਲਰ ਐਂਡ ਆਡਿਟ ਜਨਰਲ ਆਫ ਇੰਡੀਆ) ਵਲੋਂ ਬੁਰੀ ਤਰ੍ਹਾਂ ਫੇਲ੍ਹ ਹੋਈ ਦਰਸਾਈ ਗਈ। ਰਿਪੋਰਟ ਅਨੁਸਾਰ ਇਸ ਸਕੀਮ ਉਤੇ 80 ਫ਼ੀਸਦੀ ਖ਼ਰਚ ਇਸ਼ਤਿਹਾਰ ਬਾਜੀ 'ਤੇ ਕੀਤਾ ਗਿਆ। ਗਰੀਬਾਂ ਲਈ ਸ਼ੁਰੂ ਕੀਤੀਆਂ ਸਕੀਮਾਂ ਦਾ ਹਾਲ ਵੇਖੋ ਕਿ 1950 ਤੋਂ ਮਿੱਟੀ ਦੇ ਤੇਲ ਉਤੇ ਸਬਸਿਡੀ ਸੀ, ਉਹ 2009 ਤੱਕ ਘਟਾਈ ਗਈ ਅਤੇ 2022 'ਚ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਗਈ। ਗਰੀਬ ਦੀ ਰਸੋਈ ਹੈਸ ਉਤੇ ਸਬਸਿਡੀ ਲਗਭਗ ਖ਼ਤਮ ਹੈ ਅਤੇ ਰਸੋਈ ਗੈਸ ਦੇ ਭਾਅ ਅਸਮਾਨੀ ਚੜ੍ਹੇ ਹੋਏ ਹਨ। ਰੋਟੀ ਤਾਂ ਗਰੀਬ ਦੇ ਚੁੱਲ੍ਹੇ ਪਹਿਲਾਂ ਹੀ ਬਹੁਤ ਮੁਸ਼ਕਲ ਨਾਲ ਪੱਕਦੀ ਸੀ, ਹੁਣ ਮੁੜ ਝਾਕ ਲੱਕੜਾਂ ਦੇ ਬਾਲਣ ਅਤੇ ਗੋਹੇ ਦੀਆਂ ਪਾਥੀਆਂ ਬਾਲਕੇ ਚੁਲ੍ਹਾ ਭਖਾਉਣ ਦੀ ਹੋ ਗਈ ਹੈ। ਕੀ ਇਹੋ ਹੈ ਜਗਤ ਗੁਰੂ ਭਾਰਤ ਦਾ ਨਜ਼ਾਰਾ!

ਕਹਿਣ ਨੂੰ ਤਾਂ ਅਸੀਂ ਅਸਮਾਨੀ ਉਡਨਾ ਚਾਹੁੰਦੇ ਹਾਂ, ਗਰੀਬ ਚੱਪਲ ਪਹਿਨਕੇ ਹਵਾਈ ਜ਼ਹਾਜ 'ਤੇ ਚੜ੍ਹੇਗਾ, ਮੈਟਰੋ 'ਤੇ ਸਫ਼ਰ ਅਸਾਨੀ ਨਾਲ ਕਰੇਗਾ, ਦੇਸ਼ ਦੇ ਪ੍ਰਧਾਨ ਮੰਤਰੀ ਕਹਿੰਦੇ ਹਨ, ਪਰ ਅਸਲੀਅਤ ਕੁਝ ਵੱਖਰੀ ਹੈ। ਧੰਨ-ਕੁਬੇਰ ਅਤੇ ਉੱਚ ਮੱਧ ਵਰਗੀ ਪਰਿਵਾਰਾਂ ਲਈ ਸਿੱਖਿਆ, ਸਿਹਤ ਸਹੂਲਤਾਂ ਹਨ ਅਤੇ ਆਮ ਵਰਗ ਇਹਨਾ ਤੋਂ ਪੂਰੀ ਤਰ੍ਹਾਂ ਸੱਖਣਾ ਹੈ।


ਵੇਖਿਆ ਜਾਵੇ ਤਾਂ ਵਿਕਾਸ ਇੱਕ ਪ੍ਰਕਾਰ ਦੀ ਤਬਦੀਲੀ ਹੈ। ਵਿਕਾਸ ਅਤੇ ਸੁਸ਼ਾਸ਼ਨ ਇੱਕ-ਦੂਜੇ ਦੇ ਪੂਰਕ ਹਨ। ਜੇਕਰ ਗਰੀਬੀ, ਬੀਮਾਰੀ, ਬੇਰੁਜ਼ਗਾਰੀ ਵਧੇਗੀ ਤਾਂ ਵਿਕਾਸ ਕੇਹਾ? ਜੇਕਰ ਕਿਸਾਨ ਕਲਿਆਣ ਨਹੀਂ ਹੋਏਗਾ, ਕਾਨੂੰਨੀ ਵਿਵਸਥਾ ਤਹਿਸ਼-ਨਹਿਸ਼ ਹੋਏਗੀ ਤਾਂ ਵਿਕਾਸ ਕੇਹਾ? ਜੇਕਰ ਲੋਕਾਂ ਨੂੰ ਸਿਹਤ, ਸਿੱਖਿਆ ਸਹੂਲਤਾਂ ਨਹੀਂ ਮਿਲਣਗੀਆਂ ਤਾਂ ਵਿਕਾਸ ਕੇਹਾ? ਜੇਕਰ ਸ਼ਹਿਰ ਦੇ ਨਾਲ-ਨਾਲ ਪਿੰਡ ਤਰੱਕੀ ਨਹੀਂ ਕਰੇਗਾ ਤਾਂ ਵਿਕਾਸ ਕੇਹਾ?

ਬਿਨ੍ਹਾਂ ਸ਼ੱਕ ਸਾਡੇ ਗੁਆਂਢੀ ਦੇਸ਼ਾਂ ਦਾ ਬੁਰਾ ਹਾਲ ਹੈ। ਪਾਕਿਸਤਾਨ 'ਚ ਅਸਥਿਰਤਾ ਹੈ। ਉਥੇ ਸਰਕਾਰਾਂ ਨਿੱਤ ਬਦਲਦੀਆਂ ਹਨ। ਉਸ ਨਾਲ ਨਿਵੇਸ਼ ਨਹੀਂ ਵਧਦਾ। ਵਾਧਾ ਦਰ ਅਤੇ ਭੁਗਤਾਨ ਦਾ ਸੰਤੁਲਿਨ ਖ਼ਰਾਬ ਹੋ ਗਿਆ ਹੈ। ਉਥੇ ਆਮ ਜਨ ਜੀਵਨ ਦੇ ਮੁਕਾਬਲੇ ਸੈਨਾ ਉਤੇ ਖ਼ਰਚਾ ਵੱਧ ਰਿਹਾ ਹੈ। ਇਸ ਲਈ ਉਥੇ ਗਰੀਬੀ ਬਣੀ ਰਹਿੰਦੀ ਹੈ। ਅੱਜ ਪਾਕਿਸਤਾਨ ਆਈ.ਐਮ.ਐਫ. ਅਤੇ ਸਾਊਦੀ ਅਰਬ ਤੋਂ ਮਦਦ ਮੰਗ ਰਿਹਾ ਹੈ।

ਮਹਾਂਮਾਰੀ ਕਾਰਨ ਸ਼੍ਰੀ ਲੰਕਾ 'ਚ ਟੂਰਿਜ਼ਮ ਠੱਪ ਹੋ ਗਿਆ। ਵਿਦੇਸ਼ੀ ਮੁਦਰਾ ਆਉਣੀ ਬੰਦ ਹੋ ਗਈ। ਲੰਕਾ ਦਾ ਰੁਪਿਆ ਕੰਮਜ਼ੋਰ ਹੋਣ ਲੱਗਾ। ਅਚਾਨਕ ਆਰਗੈਨਿਕ ਖੇਤੀ ਵੱਲ ਉਹਨਾ ਦਾ ਤੁਰਨਾ ਚੰਗਾ ਫ਼ੈਸਲਾ ਸਾਬਤ ਨਾ ਹੋਇਆ। ਉਥੇ ਭੁੱਖਮਰੀ ਦੀ ਨੌਬਤ ਆ ਗਈ। ਇਸੇ ਤਰ੍ਹਾਂ ਸ਼੍ਰੀ ਲੰਕਾ 'ਚ ਇਸਾਈ, ਮੁਸਲਿਮ, ਤਾਮਿਲ ਆਦਿ ਦਾ ਧਰੁਵੀਕਰਨ ਹੋਇਆ। ਚੋਣਾਂ 'ਚ ਭ੍ਰਿਸ਼ਟਾਚਾਰ ਵੀ ਹੋਇਆ। ਭਾਰਤ ਵੀ ਉਤੇ ਰਸਤੇ 'ਤੇ ਹੈ। ਭਾਰਤ ਸੈਕੂਲਰ ਦੇਸ਼ ਹੋਣ ਦੇ ਬਾਵਜੂਦ ਮੌਜੂਦਾ ਹਕੂਮਤ ਦੀ ਬਦੌਲਤ ਧਰਮਾਂ ਦੇ ਧਰੁਵੀਕਰਨ ਵੱਲ ਵੱਧ ਰਿਹਾ ਹੈ। ਕੀ ਇਹ ਵਿਸ਼ਵ ਗੁਰੂ ਲਈ ਚੰਗਾ ਸੰਕੇਤ ਹੈ?

ਪਿਛਲੇ ਸਾਲ ਭਾਰਤੀ ਸੰਸਦ ਵਿੱਚ ਮੈਂਬਰਾਂ ਨੂੰ ਇਹ ਦੱਸਿਆ ਗਿਆ ਸੀ ਕਿ ਕੇਂਦਰ ਸਰਕਾਰ ਦੇ ਸਾਰੇ ਵਿਭਾਗਾਂ ਵਿੱਚ 8,72,000 ਅਸਾਮੀਆਂ ਸਰਕਾਰੀ ਖੇਤਰ ਵਿੱਚ ਖਾਲੀ ਪਈਆਂ ਹਨ। ਰਾਸ਼ਟਰੀ ਨਮੂਨਾ ਸਰਵੇਖਣ ਦਫ਼ਤਰ ਦੀ ਰਿਪੋਰਟ ਅਨੁਸਾਰ 2017-18 ਵਿੱਚ ਬੇਰੁਜ਼ਗਾਰੀ ਦਰ ਚਾਰ ਦਹਾਕਿਆਂ ਦੇ ਉੱਚੇ ਪੱਧਰ 'ਤੇ ਰਹੀ। ਕਰੋਨਾ ਕਾਲ ਵਿੱਚ ਉਦਯੋਗ ਜਗਤ 'ਚ ਰੁਜ਼ਗਾਰ ਘਟਿਆ। ਭਾਵੇਂ 2020 'ਚ ਆਤਮ ਨਿਰਭਰ ਭਾਰਤ ਅਤੇ ਮੇਕ ਇਨ ਇੰਡੀਆ ਮੁਹਿੰਮ ਨਾਲ ਅਰਥ ਵਿਵਸਥਾ ਨੂੰ ਪੱਟੜੀ ਉਤੇ ਲਿਆਉਣ ਦੇ ਨਾਲ-ਨਾਲ ਆਮਦਨੀ, ਮੰਗ, ਉਤਪਾਦਨ ਅਤੇ ਉਪਭੋਗ ਵਿੱਚ ਵਾਧੇ ਨਾਲ ਰੋਜ਼ਗਾਰ ਦੀ ਚਣੌਤੀ ਘੱਟ ਕਰਨ ਦੀ ਕੋਸ਼ਿਸ਼ ਹੋਈ ਪਰ ਪੂਰਨਬੰਦੀ ਅਤੇ ਹੋਰ ਪਾਬੰਦੀਆਂ ਕਾਰਨ ਉਪਜੀ ਬੇਰੁਜ਼ਗਾਰੀ ਦਾ ਅਸਰ ਹੁਣ ਵੀ ਕਾਇਮ ਹੈ ਅਤੇ ਇਹ ਉਦਯੋਗ ਵਪਾਰ 'ਚ ਮੰਦੀ ਨਾਲ ਵਧਦਾ ਜਾ ਰਿਹਾ ਹੈ। ਦੁਨੀਆ ਦੇ "ਥਾਣੇਦਾਰ ਦੇਸ਼" ਅਮਰੀਕਾ ਦਾ ਵੀ ਹਾਲ ਇਹੋ ਹੈ, ਉਥੇ ਮੰਦੀ ਹੈ, ਬੇਰੁਜ਼ਗਾਰੀ ਹੈ, ਪਰ ਉਹ ਇੱਕ ਅਮੀਰ ਦੇਸ਼ ਹੈ। ਉਹ ਕਦੇ ਵੀ "ਵਿਸ਼ਵ ਗੁਰੂ" ਬਨਣ ਦੀ ਦਾਵੇਦਾਰੀ ਨਹੀਂ ਕਰਦਾ, ਪਰ ਸਾਡੇ ਦੇਸ਼ ਦੇ ਸਾਸ਼ਕ ਪਤਾ ਨਹੀਂ ਕਿਸ ਬਲਬੂਤੇ 'ਤੇ ਆਪਣੇ ਦੇਸ਼ ਨੂੰ ਵਿਸ਼ਵ ਗੁਰੂ ਦਾ ਖਿਤਾਬ ਦੇਣ 'ਚ ਮਾਣ ਮਹਿਸੂਸ ਕਰਦੇ ਹਨ?

# ਗੈਂਗਸਟਰ, ਸਮੱਗਲਰ ਅਤੇ ਬਦਮਾਸ਼ ਜੇਲ੍ਹਾਂ ਵਿੱਚੋਂ ਵੀ ਚਲਾ ਰਹੇ ਹਨ ਆਪਣੇ ਧੰਦੇ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਸਿੱਧੂ ਮੂਸੇ ਵਾਲੇ ਦੇ ਕਤਲ ਤੋਂ ਬਾਅਦ ਇਹ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ ਕਿ ਜੇਲ੍ਹਾਂ ਵਿੱਚ ਬੈਠੇ ਗੈਂਗਸਟਰ ਅਰਾਮ ਨਾਲ ਆਪਣੇ ਗਿਰੋਹ ਚਲਾ ਰਹੇ ਹਨ ਤੇ ਵੱਡੀਆਂ ਵਾਰਦਾਤਾਂ ਸਰਅੰਜਾਮ ਦੇ ਰਹੇ ਹਨ। ਮੂਸੇ ਵਾਲੇ ਦੇ ਕਤਲ ਦੀ ਤਫਤੀਸ਼ ਦੇ ਦੌਰਾਨ ਲਾਰੈਂਸ ਬਿਸ਼ਨੋਈ, ਸਾਰਜ ਸੰਧੂ ਅਤੇ ਜੱਗੂ ਭਗਵਾਨਪੁਰੀਏ ਆਦਿ ਦੇ ਨਾਮ ਸਾਹਮਣੇ ਆਏ ਹਨ ਜੋ ਸਾਰੇ ਹੀ ਜੇਲ੍ਹਾਂ ਵਿੱਚ ਬੰਦ ਹਨ। ਇਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਇਹ ਲੋਕ ਜੇਲ੍ਹ ਵਿੱਚ ਹੋਣ ਜਾਂ ਬਾਹਰ, ਇਨ੍ਹਾਂ ਦੀ ਸਿਹਤ 'ਤੇ ਕੋਈ ਫਰਕ ਨਹੀਂ ਪੈਂਦਾ। ਵੱਖ ਵੱਖ ਜੇਲ੍ਹਾਂ ਵਿੱਚ ਬੈਠੇ ਗੈਂਗਸਟਰਾਂ ਦਾ ਆਪਸੀਅਤੇ ਵਿਦੇਸ਼ਾਂ ਨਾਲ ਸਬੰਧ ਲਗਾਤਾਰ ਬਣਿਆ ਹੋਇਆ ਹੈ। ਹਰ ਦੂਸਰੇ ਚੌਥੇ ਦਿਨ ਜੇਲ੍ਹਾਂ ਦੀ ਅਚਨਚੇਤ ਚੈਕਿੰਗ ਦੌਰਾਨ ਵੱਡੀ ਗਿਣਤੀ ਵਿੱਚ ਮੋਬਾਇਲ ਫੋਨ ਅਤੇ ਨਸ਼ੇ ਆਦਿ ਬਰਾਮਦ ਹਨ, ਪਰ ਅਗਲੇ ਹੀ ਦਿਨ ਉਸ ਤੋਂ ਦੂਣੇ ਫਿਰ ਜੇਲ੍ਹ ਅੰਦਰ ਪਹੁੰਚ ਜਾਂਦੇ ਹਨ। ਪੰਜਾਬ ਦੀ ਇੱਕ ਜੇਲ੍ਹ ਵਿੱਚ ਮੋਬਾਇਲ ਸਿਗਨਲ ਜਾਮ ਕਰਨ ਵਾਲੇ ਜੈਮਰ ਲੱਗੇ ਹੋਏ ਹਨ ਜਿਸ ਦੇ ਬਿਲਕੁਲ ਸਾਹਮਣੇ ਉਸ ਜਿਲ੍ਹੇ ਦੀ ਪੁਲਿਸ ਲਾਈਨ ਹੈ। ਹੈਰਾਨੀ ਦੀ ਗੱਲ ਹੈ ਜੈਮਰ ਕਾਰਨ ਪੁਲਿਸ ਲਾਈਨ ਵਿੱਚ ਤਾਂ ਮੋਬਾਇਲ ਕਾਲ ਕਰਨ ਵਿੱਚ ਪਰੇਸ਼ਾਨੀ ਆਉਂਦੀ ਹੈ, ਪਰ ਜੇਲ੍ਹ ਵਿੱਚ ਬੰਦ ਬਦਮਾਸ਼ ਅਰਾਮ ਨਾਲ ਬਾਹਰ ਗੱਲ ਕਰ ਲੈਂਦੇ ਸਨ। ਬਾਅਦ ਵਿੱਚ ਤਫਤੀਸ਼ ਕਰਨ ਤੋਂ ਪਤਾ ਲੱਗਾ ਕਿ ਜੇਲ੍ਹ ਅੰਦਰ ਕਈ ਥਾਵਾਂ 'ਤੇ ਜੈਮਰ ਦਾ ਅਸਰ ਘੱਟ ਹੈ (ਬਲੈਕ ਸਪੌਟ ਹੈ)। ਉਸ ਬਾਰੇ ਬਦਮਾਸ਼ਾਂ ਨੂੰ ਪਤਾ ਸੀ ਤੇ ਉਥੇ ਪਹੁੰਚ ਕੇ ਉਹ ਮੋਬਾਇਲ ਕਾਲਾਂ ਕਰਦੇ ਸਨ।

ਵੈਸੇ ਜੇ ਮੋਬਾਇਲ ਫੋਨ ਨਾ ਹੋਵੇ ਤਾਂ ਵੀ ਬਦਮਾਸ਼ ਮੁਲਾਕਾਤੀਆਂ ਰਾਹੀਂ ਸੁਨੇਹੇ ਆਪਣੇ ਗੈਂਗ ਤੱਕ ਪਹੁੰਚਾ ਦਿੰਦੇ ਹਨ। ਮੁੰਬਈ ਦੀਆਂ ਜੇਲ੍ਹਾਂ ਵਿੱਚ ਬੰਦ ਬਦਮਾਸ਼ਾਂ ਨੇ ਇੱਕ ਨਵਾਂ ਹੀ ਤਰੀਕਾ ਲੱਭ ਲਿਆ ਸੀ। ਉਨ੍ਹਾਂ ਦੇ ਗੁਰਗੇ ਛੋਟੇ ਮੋਟੇ ਅਪਰਾਧ ਕਰ ਕੇ ਜੇਲ੍ਹ ਵਿੱਚ ਆਪਣੇ ਬੌਸ ਕੋਲ ਪਹੁੰਚ ਜਾਂਦੇ ਸਨ। ਉਥੇ ਹਫਤਾ ਦੋ ਹਫਤੇ ਰਹਿ ਕੇ ਵਰਦਾਤ ਜਾਂ ਸਮੱਗਲਿੰਗ ਆਦਿ ਦੀ ਸਕੀਮ ਚੰਗੀ ਤਰਾਂ ਸਮਝ ਕੇ ਜ਼ਮਾਨਤ ਕਰਵਾ ਕੇ ਬਾਹਰ ਆ ਜਾਂਦੇ ਸਨ ਤੇ ਕੰਮ ਪੂਰਾ ਕਰ ਦਿੰਦੇ ਸਨ। ਜਦੋਂ ਜੇਲ ਪ੍ਰਸ਼ਾਸ਼ਨ ਨੂੰ ਇਸ ਘਟਨਾਕ੍ਰਮ ਬਾਰੇ ਪਤਾ ਚੱਲਿਆ ਤਾਂ ਉਨ੍ਹਾਂ ਨੇ ਛੋਟੇ ਮੋਟੇ ਜ਼ੁਰਮ ਕਰਨ ਵਾਲੇ ਬਦਮਾਸ਼ਾਂ ਨੂੰ ਅਲੱਗ ਰੱਖਣਾ ਸ਼ੁਰੂ ਕਰ ਦਿੱਤਾ। ਇਸ ਗੱਲ ਦਾ ਮਾਫੀਆ ਡੌਨਾਂ ਨੇ ਐਨਾ ਰੌਲਾ ਪਾਇਆ ਕਿ ਆਰਥਰ ਰੋਡ ਜੇਲ੍ਹ ਵਿੱਚ ਦੰਗੇ ਭੜਕਣ ਦੀ ਨੌਬਤ ਆ ਗਈ ਸੀ। ਪੰਜਾਬ ਦੇ ਗੈਂਗਸਟਰ ਤਾਂ ਜੇਲ੍ਹਾਂ ਵਿੱਚ ਖੁਲ੍ਹ ਕੇ ਮੋਬਾਇਲ ਫੋਨ ਦੀ ਵਰਤੋਂ ਕਰਦੇ ਹਨ। ਕੁਝ ਸਾਲ ਪਹਿਲਾਂ ਲੁਧਿਆਣਾ ਜੇਲ੍ਹ ਵਿੱਚ ਦੰਗੇ ਭੜਕ ਗਏ ਸਨ ਤਾਂ ਬਦਮਾਸ਼ਾਂ ਨੇ ਪੁਲਿਸ ਦੀ ਸਾਰੀ ਕਾਰਵਾਈ ਫੇਸਬੁੱਕ 'ਤੇ ਲਾਈਵ ਵਿਖਾਈ ਸੀ। ਜੱਗੂ ਭਗਵਾਨਪੁਰੀਆ ਜਦੋਂ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਸੀ ਤਾਂ ਉਸ ਦਾਬਟਾਲਾ ਏਰੀਏ ਦੇ ਸ਼ਰਾਬ ਦੇ ਇੱਕਬਦਨਾਮ ਠੇਕੇਦਾਰਨਾਲ ਠੇਕਿਆਂ ਵਿੱਚ ਹਿੱਸਾ ਸੀ। ਉਹ ਠੇਕਿਆਂ ਦੀ ਨੀਲਾਮੀ ਵੇਲੇਜੇਲ੍ਹ ਵਿੱਚੋਂ ਵੀਡੀਉ ਕਾਲਾਂ ਕਰ ਕੇ ਵਿਰੋਧੀ ਠੇਕੇਦਾਰਾਂ ਨੂੰ ਪਰਚੀਆਂ ਹੀ ਨਹੀਂ ਸੀ ਪਾਉਣ ਦਿੰਦਾ।

ਕੁਝ ਸਾਲ ਪਹਿਲਾਂ ਮੈਂ ਇੱਕ ਸਬ ਡਵੀਜ਼ਨ ਦਾ ਵਿੱਚ ਐਸ.ਪੀ. ਲੱਗਾ ਹੋਇਆ ਸੀ ਤਾਂ ਅਸੀਂ ਭਾਰੀ ਮਾਤਰਾ ਵਿੱਚ ਹੈਰੋਇਨ ਬਰਾਮਦ ਕਰ ਕੇ 4 – 5 ਸਮੱਗਲਰ ਗ੍ਰਿਫਤਾਰ ਕੀਤੇ ਸਨ। ਜਦੋਂ ਮੈਂ ਸਮੱਗਲਰਾਂ ਦੀ ਪੁੱਛਗਿੱਛ ਕਰ ਰਿਹਾ ਸੀ ਤਾਂ ਇੱਕ ਪਾਂਡੀ (ਮਾਲ ਢੋਣ ਵਾਲਾ) ਦੀ ਸਿਹਤ 'ਤੇ ਕੋਈ ਖਾਸ ਅਸਰ ਦਿਖਾਈ ਨਹੀਂ ਸੀ ਦੇ ਰਿਹਾ। ਮੈਂ ਉਸ ਨੂੰ ਪੁੱਛਿਆ ਕਿ ਬਾਕੀ ਦੇ ਤਾਂ ਮਰਨ ਵਾਲੇ ਹੋਏ ਪਏ ਹਨ, ਪਰ ਉਹ ਕਿਉਂ ਐਨਾ ਖੁਸ਼ ਹੈ? ਉਸ ਨੇ ਅੱਗੋਂ ਬੜੇ ਜੋਸ਼ ਨਾਲ ਜਵਾਬ ਦਿੱਤਾ ਕਿ ਜ਼ਨਾਬ ਜੇਲ੍ਹ ਵਿੱਚ ਤਾਂ ਮੌਜਾਂ ਈ ਬੜੀਆਂ ਨੇ। ਉਥੇ ਮੈਨੂੰ ਹੋਰ ਵੱਡੇ ਵੱਡੇ ਸਮੱਗਲਰ ਮਿਲਣਗੇ ਤੇ ਜੇਲ੍ਹ ਤੋਂ ਛੁੱਟਣ ਤੋਂ ਬਾਅਦ ਮੈਂ ਉਨ੍ਹਾਂ ਨਾਲ ਹੋਰ ਵੱਡਾ ਕਾਰੋਬਾਰ ਕਰਾਂਗਾ। ਮੈਨੂੰ ਬੜੀ ਹੈਰਾਨੀ ਹੋਈ ਕਿ ਉਹ ਅਜੇ ਜੇਲ੍ਹ ਵਿੱਚ ਪਹੁੰਚਿਆ ਵੀ ਨਹੀਂ ਹੈ ਤੇ ਬਾਹਰ ਆਣ ਕੇ ਨਵੇਂ ਕਾਰੋਬਾਰ ਦਾ ਪ੍ਰੋਗਰਾਮ ਛਾਪ ਵੀ ਲਿਆ ਹੈ। ਇਹੋ ਜਿਹੀ ਅਪਰਾਧਿਕ ਪ੍ਰਵਿਰਤੀ ਵਾਲੇ ਬੰਦੇ ਨੂੰ ਜਿੰਨੀ ਵਾਰ ਮਰਜ਼ੀ ਜੇਲ੍ਹ ਭੇਜ ਦਿਉ, ਉਸ ਦੀ ਸੋਚ ਨਹੀਂ ਬਦਲੀ ਜਾ ਸਕਦੀ।



ਜੇਲ੍ਹ ਵਿੱਚ ਭਾਵੇਂ ਬਾਹਰ ਵਰਗੀ ਅਜ਼ਾਦੀ ਤਾਂ ਨਹੀਂ ਮਿਲਦੀ, ਪਰ ਫਿਰ ਵੀ ਗੈਂਗਸਟਰ ਤੇ ਬਦਮਾਸ਼ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ। ਜੇਲ੍ਹ ਵਿੱਚ ਪੁਲਿਸ ਮੁਕਾਬਲੇ ਜਾਂ ਵਿਰੋਧੀ ਗੈਂਗ ਹੱਥੋਂ ਮਾਰੇ ਜਾਣ ਦਾ ਡਰ ਖਤਮ ਹੋ ਜਾਂਦਾ ਹੈ। ਕਿਸੇ ਵਿਅਕਤੀ ਨੂੰ ਜ਼ੁਰਮ ਕਰਨ ਦਾ ਸਭ ਤੋਂ ਵੱਡਾ ਡਰ ਜੇਲ੍ਹ ਜਾਣ ਦਾ ਹੁੰਦਾ ਹੈ। ਜਦੋਂ ਉਹ ਜੇਲ੍ਹ ਪਹੁੰਚ ਜਾਂਦਾ ਹੈ ਤਾਂ ਇਹ ਡਰ ਵੀ ਚੁੱਕਿਆ ਜਾਂਦਾ ਹੈ। ਜੇਲ੍ਹਾਂ ਵਿੱਚ ਬੈਠੇ ਜਿਆਦਾਤਰ ਗੈਂਗਸਟਰਾਂ ਦੇ ਗਿਰੋਹ ਅਜੇ ਵੀ ਨਿਰਵਿਘਨ ਚੱਲ ਰਹੇ ਹਨ। ਸਗੋਂ ਨਵੇਂ ਗੁਰਗੇ ਭਰਤੀ ਹੋ ਰਹੇ ਹਨ ਕਿਉਂਕਿ ਕਿਸੇ ਵੱਡੇ ਗੈਂਗਸਟਰ ਨਾਲ ਜੁੜਨ ਕਾਰਨ ਇੱਕ ਤਾਂ ਫਿਰੌਤੀ ਅਸਾਨੀ ਮਿਲ ਜਾਂਦੀ ਹੈ ਤੇ ਦੂਸਰਾ ਟੌਹਰ ਟਪੱਕਾ ਵੀ ਵਧ ਜਾਂਦਾ ਹੈ ਅੱਜ ਕਲ੍ਹ ਪੰਜਾਬ ਵਿੱਚ ਹਰ ਦੁੱਕੀ ਤਿੱਕੀ ਵੱਲੋਂ ਗੋਲਡੀ ਬਰਾੜ ਬਣ ਕੇ ਫਿਰੌਤੀਆਂ ਮੰਗਣ ਦਾ ਫੈਸ਼ਨ ਚੱਲ ਰਿਹਾ ਹੈ। ਇਸ ਤੋਂ ਇਲਾਵਾ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਵੱਡੇ ਗੈਂਗਸਟਰ ਜੇਲ੍ਹ ਮੁਲਾਜ਼ਮਾਂ ਤੋਂ ਸਹੂਲਤਾਂ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਪਰਿਵਾਰ ਅਤੇ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਵੀ ਦਿੰਦੇ ਹਨ।


ਪੰਜਾਬ ਦੀਆਂ ਜੇਲ੍ਹਾਂ ਵਿੱਚ ਵਧ ਰਹੀ ਨਸ਼ਿਆਂ ਦੀ ਸਮੱਗਲਿੰਗ ਇਸ ਵੇਲੇ ਜੇਲ੍ਹ ਸਟਾਫ ਲਈ ਸਭ ਤੋਂ ਵੱਡੀ ਸਿਰਦਰਦੀ ਬਣੀ ਹੋਈ ਹੈ। ਕੁਝ ਕਾਲੀਆਂ ਭੇਡਾਂ ਸਾਰੇ ਮਹਿਕਮੇ ਨੂੰ ਬਦਨਾਮ ਕਰ ਰਹੀਆਂ ਹਨ। ਜੇਲ੍ਹਾਂ ਵਿੱਚ ਮੋਬਾਇਲ ਫੋਨ, ਨਸ਼ਾ ਅਤੇ ਇਥੋਂ ਤੱਕ ਕਿ ਤੰਬਾਕੂ ਅਤੇ ਸਿਗਰਟਾਂ ਬੀੜੀਆਂ ਵੀ ਸੋਨੇ ਦੇ ਭਾਅ ਵਿਕਦੀਆਂ ਹਨ। ਕਈ ਜੇਲ੍ਹਾਂ ਵਿੱਚ ਫੈਂਕਾ ਸਿਸਟਮ ਬਹੁਤ ਚੱਲਦਾ ਹੈ। ਕੈਦੀ ਆਪਣੇ ਬਾਹਰਲੇਹਮਾਇਤੀਆਂ ਨਾਲ ਗਿੱਟ ਮਿੱਟ ਕਰ ਲੈਂਦੇ ਹਨ ਤੇ ਉਹ ਇੱਕ ਨਿਸ਼ਚਿੱਤ ਜਗ੍ਹਾ 'ਤੇ ਕੰਧ ਉੱਪਰੋਂ ਦੀ ਨਸ਼ੇ ਪੱਤੇ ਆਦਿ (ਫੈਂਕਣਾ) ਸੁੱਟ ਦਿੰਦੇ ਹਨ। ਜਦੋਂ ਤੱਕ ਜੇਲ੍ਹ ਸਟਾਫ ਨੂੰ ਪਤਾ ਲੱਗਦਾ ਹੈ, ਉਦੋਂ ਤੱਕ ਸਮਾਨ ਗਾਇਬ ਹੋ ਚੁਕਾ ਹੁੰਦਾ ਹੈ। ਅਮਰੀਕਾ ਦੀਆਂ ਜਿਆਦਾਤਰ ਜੇਲ੍ਹਾਂ ਵਿੱਚ ਸਿਗਰਟ ਪੀਣਾ ਕਾਨੂੰਨੀ ਤੌਰ 'ਤੇ ਜ਼ਾਇਜ ਹੈ। ਸਰਕਾਰ ਨੂੰ ਵੀ ਇਸ ਮਸਲੇ 'ਤੇ ਗੌਰ ਕਰਨਾ ਚਾਹੀਦਾ ਹੈ ਤਾਂ ਜੋ ਤੰਬਾਕੂ ਅਤੇ ਸਿਗਰਟਾਂ ਬੀੜੀਆਂ ਵਰਗੀਆਂ ਨਿਗੂਣੀਆਂ ਚੀਜ਼ਾਂ ਦੀ ਸਮੱਗਲਿੰਗ ਅਤੇ ਬਲੈਕ ਮਰਕੀਟ ਖਤਮ ਹੋ ਸਕੇ। ਜੇਲ੍ਹਾਂ ਵਿੱਚ ਵਿਹਲੇ ਬੈਠੇ ਕੈਦੀਆਂ ਨੂੰ ਹੋਰ ਕੋਈ ਕੰਮ ਤਾਂ ਹੁੰਦਾ ਨਹੀਂ, ਉਹ ਸਮਾਂ ਟਪਾਉਣ ਲਈ ਅਜਿਹੇ ਨਸ਼ਿਆਂ ਵੱਲ ਰੁੱਚਿਤ ਹੋ ਜਾਂਦੇ ਹਨ।

ਭਾਰਤੀ ਜੇਲ੍ਹਾਂ ਵਿੱਚ ਵੱਧਦੀ ਜਾ ਰਹੀ ਅਰਾਜਕਤਾ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਸਮਰੱਥਾ ਤੋਂ ਵੱਧ ਕੈਦੀ ਅਤੇ ਉਨ੍ਹਾਂ ਦੀ ਬਨਿਸਬਤ ਫੋਰਸ ਦਾ ਬੇਹੱਦ ਘੱਟ ਹੋਣਾ ਹੈ। ਮਹਿਲਾ ਵਾਰਡਨਾਂ ਦੀ ਗਿਣਤੀ ਤਾਂ ਹੋਰ ਵੀ ਨਿਗੂਣੀ ਹੈ। ਪੁਲਿਸ ਵੱਲੋਂ ਅਦਾਲਤ ਵਿੱਚ ਚਲਾਨ ਲੇਟ ਦੇਣਾ ਅਤੇ ਗਵਾਹ ਸਮੇਂ ਸਿਰ ਨਾ ਭੁਗਤਾਉਣੇ, ਅਦਾਲਤਾਂ ਵਿੱਚ ਕੰਮ ਦਾ ਬਹੁਤ ਜਿਆਦਾ ਬੋਝ ਅਤੇ ਵਕੀਲਾਂ ਵੱਲੋਂ ਮੁਕੱਦਮੇ ਲਟਕਾਉਣ ਲਈ ਵਾਰ ਵਾਰ ਤਰੀਕਾਂ ਲੈਣਾ ਆਦਿ ਇਸ ਦੇ ਕੁਝ ਮੁੱਖ ਕਾਰਨ ਹਨ। 2020 ਦੇ ਇੱਕ ਸਰਵੇ ਵਿੱਚ ਇਹ ਗੱਲ ਸਾਹਮਣੇ ਆਈ ਸੀ ਕਿ ਭਾਰਤੀ ਜੇਲ੍ਹਾਂ ਵਿੱਚ 56% ਕੈਦੀ (ਹਵਾਲਾਤੀ) ਅਜੇ ਮੁਕੱਦਮੇ ਸ਼ੁਰੂ ਹੋਣ ਦੀ ਉਡੀਕ ਕਰ ਰਹੇ ਹਨ। ਜੇ ਜੇਲ੍ਹਾਂ ਵਿੱਚ ਭੀੜ ਘਟਾਉਣੀ ਹੈ ਤਾਂ ਹਵਾਲਾਤੀਆਂ ਦੀ ਗਿਣਤੀ ਘਟਾਉਣੀ ਜਰੂਰੀ ਹੈ। ਇਸ ਲਈ ਛੋਟੇ ਮੋਟੇ ਮੁਕੱਦਮਿਆਂ ਵਿੱਚ ਬੰਦ ਕੈਦੀਆਂ ਦੀਆਂ ਜ਼ਮਾਨਤਾਂ ਲਈਆਂ ਜਾ ਸਕਦੀਆਂ ਹਨ ਜੋ ਅਦਾਲਤਾਂ ਅਤੇ ਪੁਲਿਸ 'ਤੇ ਨਿਰਭਰ ਕਰਦਾ ਹੈ ਕਿਉਂਕਿ ਜੇਲ੍ਹ ਵਿਭਾਗ ਇਸ ਵਿੱਚ ਕੁਝ ਨਹੀਂ ਕਰ ਸਕਦਾ। ਪੰਜਾਬ ਦੀਆਂ ਜਿਆਦਤਰ ਜੇਲ੍ਹਾਂ ਵਿੱਚ ਤਾਂ ਸਮਰੱਥਾ ਨਾਲੋਂ ਤਿੰਨ ਗੁਣਾ ਵੱਧ ਕੈਦੀ ਠੂਸੇ ਹੋਏ ਹਨ। ਨਹਾਉਣ ਧੋਣ ਅਤੇ ਟਾਇਲਟ ਜਾਣ ਲਈ ਵੀ ਲੰਬੀ ਲਾਈਨ ਲੱਗਦੀ ਹੈ। ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਹੋਰ ਵਿਕਸਿਤ ਦੇਸ਼ਾਂ ਵਿੱਚ ਹਰੇਕ ਤਿੰਨ ਕੈਦੀਆਂ ਪਿੱਛੇ ਇੱਕ ਜੇਲ੍ਹ ਮੁਲਾਜ਼ਮ ਹੈ ਜਦੋਂ ਕਿ ਭਾਰਤ ਵਿੱਚ 20 – 30 ਕੈਦੀਆਂ ਪਿੱਛੇ ਇੱਕ ਮੁਲਾਜ਼ਮ ਹੈ। ਅਜਿਹੇ ਵਿੱਚ ਸਾਰੇ ਕੈਦੀਆਂ 'ਤੇ ਨਿਗ੍ਹਾ ਰੱਖਣੀ ਅਸੰਭਵ ਹੈ। ਪੰਜਾਬ ਵਿੱਚ ਕੁਝ ਜੇਲ੍ਹਾਂ ਦੀ ਅੰਦਰੂਨੀ ਸੁਰੱਖਿਆ ਅਰਧ ਸੈਨਿਕ ਬਲਾਂ ਨੂੰ ਦਿੱਤੀ ਗਈ ਹੈ। ਪਰ ਉਥੇ ਵੀ ਪੂਰੀ ਤਰਾਂ ਨਾਲ ਅਮਨ ਕਾਨੂੰਨ ਬਹਾਲ ਨਹੀਂ ਹੋ ਸਕਿਆ। ਜੇਲ੍ਹਾਂ ਵਿੱਚ ਹਾਲਾਤ ਠੀਕ ਰੱਖਣ ਲਈ ਵੱਧ ਤੋਂ ਵੱਧ ਨਵੀਂ ਭਰਤੀ ਕਰਨੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਸਰਕਾਰ ਮੁਜ਼ਰਿਮਾਂ ਨੂੰ ਜੇਲ੍ਹਾਂ ਵਿੱਚ ਠੂਸਣ ਲਈ ਪੁਲਿਸ ਬਲ ਤਾਂ ਵੱਧ ਤੋਂ ਵੱਧ ਭਰਤੀ ਕਰਦੀ ਹੈ, ਪਰ ਸਮਾਜ ਦੇ ਇਸ ਨਾਸੂਰ ਨੂੰ ਜੇਲ੍ਹਾਂ ਵਿੱਚ ਸੰਭਾਲਣ ਵਾਲਿਆਂ ਦੀ ਭਰਤੀ ਕਦੇ ਕਦਾਈਂ ਹੀ ਕੀਤੀ ਜਾਂਦੀ ਹੈ।

ਇਹ ਵੀ ਨਹੀਂ ਹੈ ਕਿ ਜੇਲ੍ਹ ਜਾਣ ਵਾਲੇ ਸਾਰੇ ਵਿਅਕਤੀ ਕਸੂਰਵਾਰ ਹੀ ਹੁੰਦੇ ਹਨ। ਕਈਆਂ ਨੂੰ ਸਿਆਸੀ ਕਿੜਾਂ ਕੱਢਣ, ਦਾਜ ਦਹੇਜ ਮੰਗਣ ਦੇ ਇਲਜ਼ਾਮਾਂ ਜਾਂ ਹੋਰ ਕਈ ਕਾਰਨਾਂ ਕਰ ਕੇ ਝੂਠੇ ਮੁਕੱਦਮਿਆਂ ਵਿੱਚ ਫਸਾ ਦਿੱਤਾ ਜਾਂਦਾ ਹੈ। ਅਜਿਹੇ ਵਿਅਕਤੀਆਂ ਦੀ ਹਾਲਤ ਜੇਲ੍ਹ ਵਿੱਚ ਬਹੁਤ ਬੁਰੀ ਹੁੰਦੀ ਹੈ। ਇਸ ਵੇਲੇ ਜੇਲ੍ਹਾਂ ਵਿੱਚ ਸਿਹਤ ਅਤੇ ਹੋਰ ਬੁਨਿਆਦੀ ਸਹੂਲਤਾਂ ਦੀ ਕਮੀ ਹੈ। ਇਸ ਲਈ ਚਾਹੀਦਾ ਹੈ ਕਿ ਗੈਂਗਸਟਰਾਂ, ਬਦਮਾਸ਼ਾਂ ਅਤੇ ਪੱਕੇ ਮੁਜ਼ਰਿਮਾਂ 'ਤੇ ਸ਼ਿਕੰਜਾ ਕੱਸਣ ਦੇ ਨਾਲ ਆਮ ਕੈਦੀਆਂ ਦੀ ਹਾਲਤ ਸੁਧਾਰਨ ਵੱਲ ਧਿਆਨ ਦਿੱਤਾ ਜਾਵੇ ਕਿਉਂਕਿ ਜ਼ੋਰਾਵਰ ਤਾਂ ਜੇਲ੍ਹਾਂ ਵਿੱਚ ਚੰਗੀਆਂ ਸਹੂਲਤਾਂ ਲੈ ਹੀ ਜਾਂਦੇ ਹਨ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Lakha Sehajpal Daudhar
204 891 0031
431 733 3000
lakhadaudhar007@gmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਸਤੰਬਰ ਮਹੀਨੇ ’ਚ 51 ਲੱਖ ਪਰਿਵਾਰਾਂ ਦਾ ਬਿਜਲੀ ਬਿੱਲ ਜ਼ੀਰੋ ਆਵੇਗਾ : ਭਗਵੰਤ ਮਾਨ

## ‘ਅਸੀਂ ਜੋ ਵਾਅਦਾ ਕਰਦੇ ਹਾਂ, ਉਸ ਨੂੰ ਪੂਰਾ ਕਰਦੇ ਹਾਂ’



ਚੰਡੀਗੜ੍ਹ(ਪੰਜਾਬੀ ਅਖਬਾਰ ਬਿਊਰੋ) -ਪੰਜਾਬ ਵਾਸੀਆਂ ਨੂੰ ਵੱਡੀ ਰਾਹਤ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਹਰੇਕ ਬਿੱਲ ’ਤੇ 600 ਯੂਨਿਟ ਮੁਫਤ ਬਿਜਲੀ ਮੁਹੱਈਆ ਕਰਵਾਉਣ ਦੇ ਫੈਸਲੇ ਨਾਲ ਲਗਭਗ ਸਤੰਬਰ ਮਹੀਨੇ ਤੋਂ ਸੂਬੇ ਦੇ 51 ਲੱਖ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆਵੇਗਾ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨਾਲ ਕੀਤੀ ਵੱਡੀ ਗਾਰੰਟੀ ਨੂੰ ਪੂਰਾ ਕਰਦੇ ਹੋਏ ਪੰਜਾਬ ਸਰਕਾਰ ਨੇ ਇਕ ਜੁਲਾਈ, 2022 ਤੋਂ ਸੂਬੇ ਦੇ ਹਰ ਘਰ ਨੂੰ ਹਰੇਕ ਬਿੱਲ ’ਤੇ 600 ਯੂਨਿਟ ਮੁਫਤ ਬਿਜਲੀ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਦੇ ਸਾਰੇ ਘਰੇਲੂ ਖਪਤਕਾਰਾਂ ਦੀ ਬਿਜਲੀ ਦੀ ਖਪਤ ਜੇਕਰ ਹਰੇਕ ਬਿੱਲ ’ਤੇ 600 ਯੂਨਿਟ ਤੱਕ ਹੈ ਤਾਂ ਉਹ ਜ਼ੀਰੋ ਬਿੱਲ ਪ੍ਰਾਪਤ ਕਰਨ ਦੇ ਯੋਗ ਹੋਣਗੇ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਇਹ ਫੈਸਲਾ ਇਕ ਜੁਲਾਈ ਤੋਂ ਲਾਗੂ ਕਰ ਦਿੱਤਾ ਗਿਆ ਹੈ, ਇਸ ਲਈ ਜੁਲਾਈ ਅਤੇ ਅਗਸਤ ਦੇ ਬਿੱਲ ਵਿੱਚ 600 ਯੂਨਿਟ ਤੋਂ ਘੱਟ ਬਿਜਲੀ ਖਪਤ ਕਰਨ ਵਾਲੇ ਪਰਿਵਾਰਾਂ ਨੂੰ ਬਿਜਲੀ ਖਪਤ ਕਰਨ ਦੇ ਇਵਜ਼ ਵਿਚ ਇੱਕ ਪੈਸਾ ਵੀ ਨਹੀਂ ਦੇਣਾ ਪਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਖਪਤਕਾਰਾਂ ਵੱਲੋਂ ਸਤੰਬਰ ਮਹੀਨੇ ਵਿੱਚ ਅਦਾ ਕੀਤੇ ਜਾਣ ਵਾਲੇ ਬਿੱਲ ਦੀ ਰਕਮ ਜ਼ੀਰੋ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਲੋਕ ਪੱਖੀ ਪਹਿਲਕਦਮੀ ਨਾਲ ਸੂਬੇ ਭਰ ਦੇ ਲਗਭਗ 51 ਲੱਖ ਪਰਿਵਾਰਾਂ ਨੂੰ ਲਾਭ ਪਹੁੰਚੇਗਾ ਕਿਉਂ ਜੋ ਉਨ੍ਹਾਂ ਨੂੰ ਆਪਣੀ ਬਿਜਲੀ ਦੀ ਵਰਤੋਂ ਲਈ ਕੁਝ ਵੀ ਅਦਾ ਨਹੀਂ ਕਰਨਾ ਪਵੇਗਾ। ਭਗਵੰਤ ਮਾਨ ਨੇ ਕਿਹਾ ਕਿ ਇਹ ਕਦਮ ਘਰੇਲੂ ਖਪਤਕਾਰਾਂ ਲਈ ਵੱਡੀ ਰਾਹਤ ਹੈ, ਜਿਨ੍ਹਾਂ ਨੂੰ ਹੁਣ ਤੱਕ ਹਰ ਮਹੀਨੇ ਬਿਜਲੀ ਦਰਾਂ ਦੇ ਰੂਪ ਵਿੱਚ ਕਾਫੀ ਪੈਸਾ ਖਰਚ ਕਰਨਾ ਪੈਂਦਾ ਹੈ।

ਮੁੱਖ ਮੰਤਰੀ ਨੇ ਕਿਹਾ, “ਅਸੀਂ ਜੋ ਵਾਅਦਾ ਕਰਦੇ ਹਾਂ, ਉਸ ਵਾਅਦੇ ਨੂੰ ਪੂਰਾ ਵੀ ਕਰਦੇ ਹਾਂ। ਸਾਡੀ ਸਰਕਾਰ ਪੰਜਾਬ ਦੇ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਪੂਰਨ ਤੌਰ ਉਤੇ ਵਚਨਬੱਧ ਹੈ।” ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਦੇਸ ਦਾ ਮੋਹਰੀ ਸੂਬਾ ਬਣਾ ਕੇ ਇਸ ਦੀ ਪੁਰਾਤਨ ਸਾਨ ਬਹਾਲ ਕਰਨ ਲਈ ਸਿਰਤੋੜ ਯਤਨ ਕਰ ਰਹੀ ਹੈ। ਭਗਵੰਤ ਮਾਨ ਨੇ ਦੁਹਰਾਇਆ ਕਿ ਸੂਬੇ ਦੀ ਤਰੱਕੀ ਅਤੇ ਇੱਥੋਂ ਦੇ ਲੋਕਾਂ ਦੀ ਖੁਸਹਾਲੀ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

### ਮੁੱਖ ਮੰਤਰੀ ਵੱਲੋਂ ‘ਰਾਜ ਆਫ਼ਤ ਨਜਿੱਠਣ ਫੰਡ’ ਕਾਇਮ ਕਰਨ ਦੀ ਪ੍ਰਵਾਨਗੀ

ਚੰਡੀਗੜ੍ਹ(ਪੰਜਾਬੀ ਅਖਬਾਰ ਬਿਊਰੋ) -:ਕਿਸੇ ਵੀ ਅਣਕਿਆਸੀ ਕੁਦਰਤੀ ਆਫਤ ਮੌਕੇ ਰਾਹਤ ਕਾਰਜਾਂ ਦੇ ਪੁਖਤਾ ਪ੍ਰਬੰਧ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ‘ਰਾਜ ਆਫਤ ਨਜਿੱਠਣ ਫੰਡ’ (ਐਸ.ਡੀ.ਐਮ.ਐਫ.) ਕਾਇਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਵਿਸਥਾਰ ਵਿਚ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਨੇ ਦੱਸਿਆ ਕਿ ਐਸ.ਡੀ.ਐਮ.ਐਫ. ਦਾ ਗਠਨ ਆਫਤ ਪ੍ਰਬੰਧਨ ਐਕਟ-2005 ਦੀ ਧਾਰਾ 48-1 (ਸੀ) ਤਹਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਫੰਡ ਦੇ ਬਣਨ ਨਾਲ ਸੂਬੇ ਵਿੱਚ ਕੁਦਰਤੀ ਆਫਤਾਂ ਨਾਲ ਨਜਿੱਠਣ ਦੇ ਕੰਮਾਂ ਨਾਲ ਸਬੰਧਤ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ। ਭਗਵੰਤ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਕਦਮ ਸੂਬੇ ਨੂੰ ਕੁਦਰਤੀ ਆਫਤਾਂ ਨਾਲ ਨਿਪਟਣ ਵਿੱਚ ਮਦਦ ਕਰਨਗੇ।

## ਹੁਣ ਸੋਮੀ ਤੁੰਗਵਾਲੀਆਂ ਪਿੰਡ ਦੀ ਮਿੱਟੀ ਲੈਕੇ ਸੰਗੀਤਕ ਪਿੜ ਵਿੱਚ ਆ ਰਿਹਾ ਐ




ਬਠਿੰਡਾ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਗੀਤਕਾਰੀ ਅਤੇ ਗਾਇਕੀ ਦੇ ਖੇਤਰ ਵਿੱਚ ਜਿੱਥੇ ਗੀਤਕਾਰ ਧਾਰਮਿਕ, ਸਮਾਜਿਕ, ਇਤਿਹਾਸਕ, ਮਿਥਿਹਾਸਕ, ਸੱਭਿਆਚਾਰਕ ਅਤੇ ਰੁਮਾਂਟਿਕ ਗੀਤ ਲਿਖਦੇ ਅਤੇ ਗਾਉਂਦੇ ਹਨ, ਉੱਥੇ ਸਮਾਜ ਅਤੇ ਦੇਸ਼ ਲਈ ਕੁੱਝ ਕਰਨ ਵਾਲੇ ਲੋਕਾਂ ਦੀ ਪ੍ਰਸੰਸਾ ਅਤੇ ਹੌਂਸਲਾ ਅਫਜ਼ਾਈ ਲਈ ਲਿਖਣਾ ਗਾਉਣਾ ਵੀ ਇਹਨਾਂ ਲੇਖਕਾਂ ਅਤੇ ਗਾਇਕਾਂ ਦਾ ਇਖ਼ਲਾਕੀ ਫਰਜ਼ ਹੁੰਦਾ ਹੈ। ਇਹੀ ਫਰਜ਼ ਅਦਾ ਕਰਨ ਦੀ ਪਹਿਲ ਕੀਤੀ ਹੈ ਬਠਿੰਡਾ ਜ਼ਿਲੇ ਦੇ ਪਿੰਡ ਤੁੰਗਵਾਲੀ ਦੇ ਜੰਮਪਲ ਗੀਤਕਾਰ ਅਤੇ ਗਾਇਕ ਸੋਮੀ ਤੁੰਗਵਾਲੀਆ ਨੇ। ਇਸ ਸਬੰਧੀ ਪੀ ਐਸ ਐਫ ਰਿਕਾਰਡਜ਼ ਲੁਧਿਆਣਾ ਦੇ ਨਿਰਮਾਤਾ ਸ੍ ਜਸਵਿੰਦਰ ਸਿੰਘ ਵਾਲੀਆ ਨੇ ਦੱਸਿਆ ਕਿ ਸੋਮੀ ਦਾ ਆਪਣਾ ਲਿਖਿਆ ਅਤੇ ਗਾਇਆ ਹੋਇਆ ਗੀਤ "ਪਿੰਡ ਦੀ ਮਿੱਟੀ" ਬਹੁਤ ਜਲਦ ਰਿਲੀਜ਼ ਕਰਨ ਜਾ ਰਹੇ ਹਾਂ। ਉਹਨਾਂ ਦੱਸਿਆ ਕਿ ਇਸ ਗੀਤ ਵਿੱਚ ਸੋਮੀ ਨੇ ਸਮਾਜਿਕ, ਰਾਜਨੀਤਕ , ਵਪਾਰਕ, ਸੱਭਿਆਚਾਰਕ ਅਤੇ ਧਾਰਮਿਕ ਆਦਿ ਵੱਖ - ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਪਿੰਡ ਤੁੰਗਵਾਲੀ ਨਾਲ ਸਬੰਧਤ ਮਹਾਨ ਸਖਸ਼ੀਅਤਾਂ ਦੇ ਨਾਮ ਲੈ ਕੇ ਜ਼ਿਕਰ ਕਰਦਿਆਂ ਹੋਇਆਂ ਉਹਨਾਂ ਬਾਰੇ ਜਾਣਕਾਰੀ ਦਰਜ ਕੀਤੀ ਹੈ। ਉਹਨਾਂ ਮੁਤਾਬਕ ਸੋਮੀ ਦਾ ਦਾਅਵਾ ਹੈ ਕਿ ਕੁੱਝ ਸਖਸ਼ੀਅਤਾਂ ਬਾਰੇ ਪਿੰਡ ਦੇ ਵੀ ਕਾਫੀ ਲੋਕ ਜਾਣਕਾਰੀ ਤੋਂ ਵਾਂਝੇ ਹੋਣਗੇ ਜੋ ਓਹਨਾਂ ਨੂੰ ਇਸ ਗੀਤ ਰਾਹੀਂ ਉਪਲੱਬਦ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਹਨਾ ਕਿਹਾ ਕਿ ਇਸ ਗੀਤ ਦਾ ਸੰਗੀਤ ਪਰੀਤਮ ਸਟੂਡੀਓਜ਼ ਲੁਧਿਆਣ ਅਤੇ ਵੀਡੀਓ ਹਰਪਰੀਤ ਸਿੰਘ ਵਾਲੀਆ ਵੱਲੋਂ ਤਿਆਰ ਕੀਤਾ ਗਿਆ ਹੈ। ਉਹਨਾਂ ਆਸ ਪ੍ਰਗਟਾਈ ਕਿ ਪਿੰਡ ਦੇ ਲੋਕਾਂ ਅਤੇ ਪਿੰਡ ਤੁੰਗਵਾਲੀ ਬਾਰੇ ਜਾਣਕਾਰੀ ਹਾਸਲ ਕਰਨ ਵਾਲੇ ਸਰੋਤਿਆਂ ਦੀ ਕਸਵੱਟੀ ਤੇ ਇਹ ਗੀਤ ਪੂਰਾ ਖਰਾ ਉੱਤਰੇਗਾ।

### ਮਾਨ ਸਰਕਾਰ ਦੇ ਰਡਾਰ ’ਤੇ ਹੁਣ ਸਾਬਕਾ ਸੀ.ਐੱਮ. ਚੰਨੀ

## 142 ਕਰੋੜ ਦੀ ਗ੍ਰਾਂਟ ਵੰਡਣ ਦੀ ਜਾਂਚ ਲਈ ਬਣਾਈ ਵਿਸ਼ੇਸ਼ ਕਮੇਟੀ



ਚੰਡੀਗੜ੍ਹ(ਪੰਜਾਬੀ ਅਖਬਾਰ ਬਿਊਰੋ) -ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਰਡਾਰ ’ਤੇ ਹੁਣ ਸਾਬਕਾ ਸੀ.ਐਮ. ਚਰਨਜੀਤ ਚੰਨੀ ਵੀ ਆ ਗਏ ਹਨ। ਚੰਨੀ ਦੇ ਮੁੱਖ ਮੰਤਰੀ ਰਹਿੰਦਿਆਂ 142 ਕਰੋੜ ਦੀ ਗ੍ਰਾਂਟ ਆਈ ਸੀ, ਜੋ ਕਿ ਰੋਪੜ ਜ਼ਿਲ੍ਹੇ ਵਿੱਚ ਹੀ ਵੰਡੀ ਗਈ ਸੀ। ਇਸ ਵਿੱਚ 60 ਫ਼ੀਸਦੀ ਗਰਾਂਟ ਇਕੱਲੇ ਚੰਨੀ ਦੇ ਵਿਧਾਨ ਸਭਾ ਹਲਕਾ ਚਮਕੌਰ ਸਾਹਿਬ ਨੂੰ ਦਿੱਤੀ ਗਈ।

ਇਸ ਗਰਾਂਟ ਦੀ ਵਰਤੋਂ ਕਿੱਥੇ ਹੋਈ, ਇਸ ਦੀ ਜਾਂਚ ਲਈ ਸੀ.ਐਮ. ਭਗਵੰਤ ਮਾਨ ਦੀ ਸਰਕਾਰ ਨੇ ਇੱਕ ਵਿਸ਼ੇਸ਼ ਜਾਂਚ ਕਮੇਟੀ ਬਣਾਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਸਰਕਾਰ ਨੂੰ ਇਹ 142 ਕਰੋੜ ਰੁਪਏ ਦੀ ਗ੍ਰਾਂਟ ਮਿਲੀ ਸੀ। ਜਿਸ ਨੂੰ ਚਮਕੌਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਰੋਪੜ ਵਿੱਚ ਵੰਡਿਆ ਗਿਆ। ‘ਆਪ’ ਸਰਕਾਰ ਵੱਲੋਂ ਬਣਾਈ ਗਈ ਜਾਂਚ ਟੀਮ ਨੇ ਤਿੰਨੋਂ ਥਾਵਾਂ ਦੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਦਫ਼ਤਰਾਂ ਦਾ ਰਿਕਾਰਡ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਦੱਸ ਦੇਈਏ ਕਿ ਸੂਤਰਾਂ ਮੁਤਾਬਕ ਮਾਨ ਸਰਕਾਰ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਸਾਬਕਾ ਸੀ.ਐਮ. ਚੰਨੀ ਦੀ ਸਰਕਾਰ ਨੇ ਇਹ ਗ੍ਰਾਂਟ ਕਿਸ ਕੰਮ ਲਈ ਜਾਰੀ ਕੀਤੀ ਸੀ। ਇਹ ਕੰਮ ਹੋਇਆ ਜਾਂ ਨਹੀਂ? ਇਹ ਗ੍ਰਾਂਟ ਕਿਸ ਕੰਮ ’ਤੇ ਖਰਚ ਕੀਤੀ ਗਈ ? ਕਿਤੇ ਗ੍ਰਾਂਟ ਜਾਰੀ ਕਰਨ ਅਤੇ ਖਰਚਣ ਦਾ ਕੋਈ ਵੱਖਰਾ ਕੰਮ ਤਾਂ ਨਹੀਂ? ਹਾਲਾਂਕਿ ਇਸ ਬਾਰੇ ਸਰਕਾਰ ਵੱਲੋਂ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ।

# ਕੀ ਭਗਤ ਸਿੰਘ ਅੱਤਵਾਦੀ ਸੀ ?

ਦਰਸ਼ਨ ਸਿੰਘ ਦਰਸ਼ਕ
98555-08918

ਕੀ ਸਰਦਾਰ ਭਗਤ ਸਿੰਘ ਅੱਤਵਾਦੀ ਸੀ ? ਇਹ ਪ੍ਰਸ਼ਨ ਅੱਜ ਪੂਰੇ ਹਿੰਦੋਸਤਾਨ ਵਿੱਚ ਆਮ ਕਰਕੇ ਅਤੇ ਪੰਜਾਬ ਵਿੱਚ ਖਾਸ ਕਰਕੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦਾ ਕਾਰਨ ਇਹ ਹੈ ਕਿ ਸੰਗਰੂਰ ਤੋਂ ਹਾਲ ਹੀ ਵਿੱਚ ਮੈਂਬਰ ਪਾਰਲੀਮੈਂਟ ਚੁਣੇ ਗਏ ਅਕਾਲੀ ਦਲ ਅੰਮ੍ਰਿਤਸਰ ਦੇ ਮੁਖੀ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਬਿਨਾਂ ਕੋਈ ਸ਼ਬਦ ਲੁਕੋਇਆਂ ਇਹ ਗੱਲ ਕਹੀ ਹੈ ਕਿ ਸ੍ਰ. ਭਗਤ ਸਿੰਘ ਅੱਤਵਾਦੀ ਸੀ। ਹੁਣ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਖਾਸ ਕਰਕੇ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਸ੍ਰ. ਮਾਨ ਦਾ ਤਿੱਖਾ ਵਿਰੋਧ ਕੀਤਾ ਹੈ ਅਤੇ ਸ੍ਰ. ਮਾਨ ਨੂੰ ਕਿਹਾ ਕਿ ਉਹ ਆਪਣੇ ਕਹੇ ਉਤੇ ਮੁਆਫੀ ਮੰਗਣ। ਕੀ ਸ੍ਰ. ਮਾਨ ਮੁਆਫੀ ਮੰਗਣਗੇ ? ਇਹ ਗੱਲ ਵੀ ਲੋਕ ਪੁੱਛ ਰਹੇ ਹਨ। ਪਰ ਜੇਕਰ ਸ੍ਰ. ਮਾਨ ਨੇ ਮੁਆਫੀ ਮੰਗਣੀ ਹੁੰਦੀ ਤਾਂ ਉਹ ਸ੍ਰ. ਭਗਤ ਸਿੰਘ ਬਾਰੇ ਅਜਿਹਾ ਬਿਆਨ ਹੀ ਨਾ ਦਿੰਦੇ। ਸ੍ਰ. ਮਾਨ ਸ੍ਰ. ਭਗਤ ਸਿੰਘ ਨੇ ਇਸ ਲਈ ਅੱਤਵਾਦੀ ਕਹਿੰਦੇ ਹਨ ਕਿ ਉਨ੍ਹਾਂ ਨੇ ਆਪਣੀ ਗੋਲੀ ਨਾਲ ਇੱਕ ਅੰਮ੍ਰਿਤਧਾਰੀ ਸਿੱਖ ਵੀ ਮਾਰਿਆ ਅਤੇ ਇੱਕ ਪੁਲਿਸ ਅਫਸਰ ਨੂੰ ਖਤਮ ਕੀਤਾ। ਪਰ ਇਸ ਸਾਰੇ ਘਟਨਾਕ੍ਰਮ ਦੇ ਬਾਵਜੂਦ ਭਾਰਤ ਦੇ ਲੋਕ ਸ੍ਰ. ਭਗਤ ਸਿੰਘ ਨੂੰ ਅੱਤਵਾਦੀ ਨਹੀਂ ਮੰਨਦੇ। ਉਹ ਉਨ੍ਹਾਂ ਨੂੰ ਦੇਸ਼ ਭਗਤ ਮੰਨਦੇ ਹਨ ਅਤੇ ਇਹ ਵੀ ਮਾਣ ਨਾਲ ਕਹਿੰਦੇ ਹਨ ਕਿ ਸ੍ਰ. ਭੰਗਤ ਸਿੰਘ ਨੇ ਆਪਣੇ ਜੀਵਨ ਦਾ ਬਲੀਦਾਨ ਭਾਰਤ ਦੀ ਆਜ਼ਾਦੀ ਲਈ ਦਿੱਤਾ।



ਸ੍ਰ. ਮਾਨ ਦੇ ਸਿਧਾਂਤਾਂ ਵਿੱਚ ਕੋਈ ਵਿੰਗ ਵਲ ਨਹੀ ਹੈ। ਉਹ ਜਿਹੜਾ ਸਟੈਂਡ ਚਾਰ ਦਹਾਕਿਆਂ ਤੋਂ ਲੈ ਕੇ ਚੱਲੇ ਸਨ, ਉਸ ਉਤੇ ਉਹ ਅੱਜ ਵੀ ਕਾਇਮ ਹਨ। ਉਹ ਸੰਤ ਜਰਨੈਲ ਸਿੰਘ ਭਿੰਡਰਾਵਾਲਿਆ ਨੂੰ ਉਹ ਆਪਣਾ ਪ੍ਰੇਰਨਾ ਸਰੋਤ ਮੰਨਦੇ ਹਨ ਅਤੇ ਖਾਲਿਸਤਾਨ ਲਈ ਹਮੇਸ਼ਾ ਜਦੋ-ਜਹਿਦ ਲਈ ਵਚਨਬੱਧ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਤ ਜਰਨੈਲ ਸਿੰਘ ਦੇ ਸਿਧਾਂਤਾਂ ਉਤੇ ਚੱਲਣਾ ਜ਼ਰੂਰੀ ਹੈ। ਇਹ ਗੱਲ ਵੱਖਰੀ ਹੈ ਕਿ ਸ੍ਰ.ਮਾਨ ਹੱਥ ਵਿੱਚ ਤਲਵਾਰ ਲੈ ਕੇ ਜਮਹੂਰੀ ਢੰਗ ਨਾਲ ਆਪਣੇ ਨਿਸ਼ਾਨੇ ਦੀ ਪੂਰਤੀ ਦੀ ਵਕਾਲਤ ਕਰਦੇ ਹਨ। ਪੰਜਾਬ ਦੇ ਜ਼ਿਆਦਾਤਰ ਲੋਕ ਜਿਨ੍ਹਾਂ ਵਿੱਚ ਸਿੱਖ ਭਾਈਚਾਰਾ ਖਾਸ ਕਰਕੇ ਜਿਥੇ ਸ੍ਰ. ਭਗਤ ਸਿੰਘ ਨੂੰ ਕੌਮੀ ਯੋਧਾ ਮੰਨਦਾ ਹੈ ਉਥੇ ਹੀ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਤਸਵੀਰ ਨੂੰ ਵੀ ਬਰਾਬਰ ਦਾ ਮਾਣ ਸਤਿਕਾਰ ਦਿੰਦਾ ਹੈ। ਇਸ ਲਈ ਸਿੱਖ ਨੌਜਵਾਨ ਪੀੜ੍ਹੀ ਵਿਚੋਂ ਇਨ੍ਹਾਂ ਦੋਹਾਂ ਸ਼ਖਸੀਅਤਾਂ ਨੂੰ ਮਨਫੀ ਕਰਕੇ ਨਹੀਂ ਦੇਖ ਸਕਦੇ।

ਇਸੇ ਲਈ ਹੁਣ ਪੰਜਾਬ ਵਿੱਚ ਦੋ ਵਿਚਾਰਧਾਰਾਵਾਂ ਸਮਾਂਤਰ ਚੱਲਦੀਆਂ ਨਜ਼ਰ ਆ ਵੀ ਆ ਰਹੀਆਂ ਹਨ ਅਤੇ ਆਪਸ ਵਿੱਚ ਰਲ ਮਿਲ ਵੀ ਜਾ ਰਹੀਆਂ ਹਨ। ਸ੍ਰ. ਭੰਗਤ ਸਿੰਘ ਦੇ ਉਪਾਸ਼ਕ ਅੱਜ ਆਮ ਆਦਮੀ ਪਾਰਟੀ ਨਾਲ ਜ਼ਿਆਦਾ ਜੁੜੇ ਨਜ਼ਰ ਆ ਰਹੇ ਹਨ। ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤਾਂ ਮੁੱਖ ਮੰਤਰੀ ਦਾ ਕਾਰਜਭਾਗ ਸੰਭਾਲਣ ਤੋਂ ਪਹਿਲਾਂ ਸ੍ਰ. ਭਗਤ ਸਿੰਘ ਨੂੰ ਜਾ ਸਿਜਦਾ ਕੀਤਾ। ਅੱਜ ਪੰਜਾਬ ਸਰਕਾਰ ਦੀਆਂ ਹਦਾਇਤਾਂ ਹਨ ਕਿ ਸਰਕਾਰੀ ਦਫਤਰਾਂ ਵਿੱਚ ਮੁੱਖ ਮੰਤਰੀ ਦੀ ਨਹੀਂ ਬਲਕਿ ਡਾ.ਭੀਮ ਰਾਓ ਅੰਬੇਡਕਰ ਅਤੇ ਸ੍ਰ. ਭਗਤ ਸਿੰਘ ਦੀ ਤਸਵੀਰ ਲਗਾਉਣੀ ਹੈ। ਕੇਂਦਰ ਸਰਕਾਰ ਨੇ ਵੀ ਸ੍ਰ. ਭਗਤ ਸਿੰਘ ਦਾ ਬੁੱਤ ਪਾਰਲੀਮੈਂਟ ਵਿੱਚ ਲਗਾਇਆ ਹੋਇਆ ਹੈ। ਦੇਸ਼ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਦੀ ਬੇਅਦਬੀ ਦੀਆਂ ਖਬਰਾਂ ਪੜ੍ਹੀਆਂ ਅਤੇ ਸੁਣੀਆਂ ਹਨ ਪਰ ਕਦੇ ਸ੍ਰ. ਭਗਤ ਸਿੰਘ ਦੇ ਬੁੱਤ ਜਾਂ ਤਸਵੀਰ ਨਾਲ ਅਜਿਹਾ ਹੁੰਦਾ ਨਹੀਂ ਦੇਖਿਆ ਗਿਆ।

ਸ੍ਰ. ਮਾਨ ਨੇ ਸ੍ਰ. ਭਗਤ ਸਿੰਘ ਬਾਰੇ ਜੋ ਬਿਆਨਬਾਜ਼ੀ ਕੀਤੀ ਹੈ ਉਹ ਉਨ੍ਹਾਂ ਦੀ ਨਿੱਜੀ ਰਾਏ ਹੈ। ਉਨ੍ਹਾਂ ਦੇ ਕਹਿਣ ਨਾਲ ਸ੍ਰ. ਭਗਤ ਸਿੰਘ ਬਾਰੇ ਭਾਰਤ ਦੇ ਲੋਕਾਂ ਦੀ ਸੋਚ ਉਤੇ ਅਸਰ ਪੈਣ ਵਾਲਾ ਨਹੀਂ ਹੈ। ਪਰ ਇਸ ਸਭ ਦੇ ਬਾਵਜੂਦ ਸ੍ਰ. ਮਾਨ ਦੇ ਸਿਧਾਂਤਾਂ ਜਾ ਵਿਚਾਰਾਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਜੇਕਰ ਉਹ ਦਹਾਕਿਆਂ ਤੋਂ ਤਰਕਸੰਗਤ ਹਨ ਤਾਂ ਇਸ ਦਾ ਮਤਲਬ ਇਹ ਹੈ ਕਿ ਬਹੁਤ ਸਾਰੇ ਲੋਕ ਹਾਲੇ ਵੀ ਸ੍ਰ. ਮਾਨ ਨਾਲ ਜੁੜੇ ਹੋਏ। ਜੁੜੇ ਹੋਏ ਨਾ ਹੁੰਦੇ ਤਾਂ ਸ੍ਰ. ਮਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੰਗਰੂਰ ਹਲਕੇ ਵਿਚੋਂ ਕਿਉਂ ਜਿੱਤਦੇ।

ਇਸ ਦਾ ਕਾਰਨ ਇਹ ਹੈ ਕਿ ਆਮ ਆਦਮੀ ਪਾਰਟੀ ਦੇ ਲੀਡਰ ਵੀ ਸ੍ਰ. ਭਗਤ ਸਿੰਘ ਦੀ ਸੋਚ ਨਾਲ ਖੜ੍ਹੇ ਹੋਏ ਨਹੀਂ ਹਨ। ਸ੍ਰ. ਭਗਤ ਸਿੰਘ ਨੇ ਈਸਟ ਇੰਡੀਆ ਕੰਪਨੀ ਦੇ ਖਿਲਾਫ ਬਗਾਵਤ ਕੀਤੀ ਅਤੇ ਫਾਂਸੀ ਦਾ ਰਸਤਾ ਚੁਣਿਆ। ਪਰ ਸ੍ਰ.ਭਗਵੰਤ ਸਿੰਘ ਮਾਨ ਵਿੱਚ ਤਾਂ ਸ੍ਰ. ਭਗਤ ਸਿੰਘ ਵਾਲਾ ਕੋਈ ਗੁਣ ਨਜ਼ਰ ਨਹੀਂ ਆ ਰਿਹਾ। ਉਹ ਤਾਂ ਦਿੱਲੀ ਵਾਲੀ ਕੰਪਨੀ ਅੱਗੇ ਤੇਲ ਦੀ ਸ਼ੀਸ਼ੀ ਲੈ ਕੇ ਖੜ੍ਹੇ ਨਜ਼ਰ ਆਉਂਦੇ ਹਨ। ਜੇਕਰ ਅਜਿਹਾ ਨਾ ਹੁੰਦਾ ਤਾਂ ਸੰਗਰੂਰ ਦੇ ਲੋਕ ਸ੍ਰ. ਮਾਨ ਦੀ ਸੋਚ ਉਤੇ ਪਹਿਰਾ ਦੇਣ ਦੀ ਗੱਲ ਕਿਉਂ ਕਰਦੇ ?

ਇਸ ਲਈ ਸ੍ਰ. ਸਿਮਰਨਜੀਤ ਸਿੰਘ ਮਾਨ ਦੀ ਸੋਚ ਨੂੰ ਵੀ ਖਾਰਜ ਨਹੀਂ ਕੀਤਾ ਜਾ ਸਕਦਾ। ਹਰ ਇੱਕ ਦੀ ਆਪਣੀ-ਆਪਣੀ ਸੋਚ ਹੈ ਅਤੇ ਭਾਰਤ ਦੇ ਸੰਵਿਧਾਨ ਨੇ ਹਰ ਇੱਕ ਨੂੰ ਆਪਣੀ ਸੋਚ ਰੱਖਣ ਦਾ ਅਧਿਕਾਰ ਦਿੱਤਾ ਹੋਇਆ ਹੈ। ਸ੍ਰ. ਮਾਨ ਨੇ ਜੇਕਰ ਸ੍ਰ. ਭਗਤ ਸਿੰਘ ਬਾਰੇ ਚੰਗੀ/ਮਾੜੀ ਸ਼ਬਦਾਵਲੀ ਕਹੀ ਹੈ, ਤਾਂ ਇਸ ਦਾ ਨਿਤਾਰਾ ਲੋਕ ਆਪ ਕਰਨਗੇ। ਇਸ ਲਈ ਆਮ ਆਦਮੀ ਪਾਰਟੀ ਜਾਂ ਹੋਰ ਪਾਰਟੀਆਂ ਨੂੰ ਜ਼ਿਆਦਾ ਬਾਵੇਲਾ ਖੜ੍ਹਾ ਕਰਨ ਦੀ ਲੋੜ ਨਹੀਂ ਹੈ। ਪੰਜਾਬ ਦੇ ਲੋਕ ਸਿਆਣੇ ਹਨ, ਜਿਸ ਨੂੰ ਸਬਕ ਸਿਖਾਉਣਾ ਹੈ, ਉਹ ਜਾਣਦੇ ਹਨ। ਉਨ੍ਹਾਂ ਨੇ ਅਕਾਲੀ ਦਲ, ਕਾਂਗਰਸ ਸਣੇ ਆਮ ਆਦਮੀ ਪਾਰਟੀ ਨੂੰ ਸਬਕ ਸਿਖਾ ਦਿੱਤਾ ਹੈ। ਜੇਕਰ ਉਹ ਉਚਿਤ ਸਮਝਣਗੇ ਤਾਂ ਸ੍ਰ. ਮਾਨ ਲਈ ਵੀ ਉਹ ਦੂਜੇ ਲੀਡਰਾਂ ਵਰਗੀ ਸੋਚ ਰੱਖਦੇ ਹਨ। ਸ੍ਰ. ਭਗਤ ਸਿੰਘ ਅੱਤਵਾਦੀ ਸੀ ਜਾਂ ਨਹੀਂ ਇਹ ਲੋਕਾਂ ਉਤੇ ਛੱਡ ਦਿਓ। ਜਿਹੜੀ ਸੋਚ ਲੋਕਾਂ ਵਿੱਚ ਸ਼ਤਾਬਤੀਆਂ ਚੱਲਦੀ ਹੈ, ਓਹੀ ਵੱਡਾ ਨਾਇਕ ਹੁੰਦਾ ਹੈ, ਜਿਸ ਦੀ ਸੋਚ ਨੂੰ ਲੋਕ ਨਹੀਂ ਅਪਣਾਉਂਦੇ ਹੋ ਇਤਿਹਾਸ ਵਿੱਚ ਖਲਨਾਇਕ ਬਣ ਜਾਂਦਾ ਹੈ।

## ਮਾਨ ਨੇ ਜ਼ਿਲ੍ਹਿਆਂ ’ਚ ਵਿਕਾਸ ਕਾਰਜਾਂ ਤੇ ਭਲਾਈ ਸਕੀਮਾਂ ਲਾਗੂ ਕਰਨ ਦੀ ਜ਼ਿੰਮੇਵਾਰੀ ਮੰਤਰੀਆਂ ਨੂੰ ਸੌਂਪੀ

ਚੰਡੀਗੜ੍ਹ(ਪੰਜਾਬੀ ਅਖਬਾਰ ਬਿਊਰੋ) -: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਚੱਲ ਰਹੀਆਂ ਲੋਕ ਭਲਾਈ ਸਕੀਮਾਂ ਅਤੇ ਵਿਕਾਸ ਕਾਰਜਾਂ ਦੀ ਪੁਖ਼ਤਾ ਨਿਗਰਾਨੀ ਅਤੇ ਬਿਹਤਰ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਕੈਬਨਿਟ ਮੰਤਰੀਆਂ ਨੂੰ ਵੱਖ-ਵੱਖ ਜ਼ਿਲ੍ਹਿਆਂ ਦੀ ਜ਼ਿੰਮੇਵਾਰੀ ਸੌਂਪੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਪਟਿਆਲਾ, ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅੰਮ੍ਰਿਤਸਰ ਅਤੇ ਤਰਨਤਾਰਨ, ਸਮਾਜਿਕ ਸੁਰੱਖਿਆ ਮੰਤਰੀ ਡਾ. ਬਲਜੀਤ ਕੌਰ ਬਠਿੰਡਾ ਅਤੇ ਮਾਨਸਾ, ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਫਿਰੋਜ਼ਪੁਰ ਅਤੇ ਮੋਗਾ ਜ਼ਿਲ੍ਹਿਆਂ ਦੇ ਇੰਚਾਰਜ ਹੋਣਗੇ। ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਲੁਧਿਆਣਾ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਗੁਰਦਾਸਪੁਰ ਤੇ ਪਠਾਨਕੋਟ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਸੰਗਰੂਰ, ਮਾਲ ਮੰਤਰੀ ਬ੍ਰਮ ਸ਼ੰਕਰ ਰੋਪੜ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਹੁਸ਼ਿਆਰਪੁਰ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਫ਼ਤਹਿਗੜ੍ਹ ਸਾਹਿਬ ਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੇ ਇੰਚਾਰਜ ਹੋਣਗੇ। ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਜਲੰਧਰ ਅਤੇ ਰੱਖਿਆ ਸੇਵਾਵਾਂ ਮੰਤਰੀ ਫ਼ੌਜਾ ਸਿੰਘ ਫ਼ਰੀਦਕੋਟ ਤੇ ਫ਼ਾਜ਼ਿਲਕਾ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਮਾਲੇਰ ਕੋਟਲਾ ਤੇ ਬਰਨਾਲਾ, ਜਦਕਿ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਇੰਚਾਰਜ ਹੋਣਗੇ।

# ਮੁੱਖ ਮੰਤਰੀ ਨੇ ਕਾਲੀ ਵੇਈਂ ਦੀ ਸਾਫ਼-ਸਫ਼ਾਈ ਦੀ 22ਵੀਂ ਵਰ੍ਹੇਗੰਢ ਮੌਕੇ ਕਰਵਾਏ ਸਮਾਗਮ ਵਿੱਚ ਕੀਤੀ ਸ਼ਮੂਲੀਅਤ

# ਦਰਿਆਵਾਂ ਤੇ ਡਰੇਨਾਂ ਦੀ ਸਫ਼ਾਈ ਲਈ ਰਾਜ ਵਿਆਪੀ ਮੁਹਿੰਮ ਵਿੱਢਣ ਦਾ ਐਲਾਨ

ਸੁਲਤਾਨਪੁਰ ਲੋਧੀ (ਪੰਜਾਬੀ ਅਖਬਾਰ ਬਿਊਰੋ) – ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਭਰ ਦੇ ਦਰਿਆਵਾਂ ਤੇ ਡਰੇਨਾਂ ਦੀ ਸਫ਼ਾਈ ਲਈ ਰਾਜ ਪੱਧਰੀ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਪਵਿੱਤਰ ਕਾਲੀ ਵੇਈਂ ਦੀ ਸਾਫ਼-ਸਫ਼ਾਈ ਦੀ 22ਵੀਂ ਵਰ੍ਹੇਗੰਢ ਮੌਕੇ ਕਰਵਾਏ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ ਤੇ ਸੰਤਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਸਾਨੂੰ ਵਾਤਾਵਰਨ ਦੀ ਸੰਭਾਲ ਦਾ ਰਾਹ ਦਿਖਾਇਆ। ਉਨ੍ਹਾਂ ਕਿਹਾ ਕਿ ਗੁਰੂਆਂ ਦੇ ਦਰਸਾਏ ਮਾਰਗ ਉਤੇ ਚੱਲਦਿਆਂ ਸੂਬਾ ਸਰਕਾਰ ਜਲਦੀ ਹੀ ਪੰਜਾਬ ਦੇ ਕੁਦਰਤੀ ਸਰੋਤਾਂ ਦਰਿਆਵਾਂ ਤੇ ਡਰੇਨਾਂ ਦੀ ਸਾਫ਼-ਸਫ਼ਾਈ ਲਈ ਵਿਆਪਕ ਮੁਹਿੰਮ ਸ਼ੁਰੂ ਕਰੇਗੀ। ਭਗਵੰਤ ਮਾਨ ਨੇ ਕਿਹਾ ਕਿ ਭਾਵੇਂ ਇਸ ਮਹਾਨ ਕਾਰਜ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ ਪਰ ਉਨ੍ਹਾਂ ਇਸ ਮੁਹਿੰਮ ਨੂੰ ਜਨਤਕ ਲਹਿਰ ਬਣਾਉਣ ਲਈ ਲੋਕਾਂ ਤੋਂ ਸਹਿਯੋਗ ਮੰਗਿਆ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਹਰਿਆਲੀ ਵਧਾਉਣ ਲਈ ਪੰਜਾਬ ਸਰਕਾਰ ਸ਼ਿੱਦਤ ਨਾਲ ਕੋਸ਼ਿਸ਼ਾਂ ਕਰ ਰਹੀ ਹੈ, ਜਿਸ ਲਈ ਸ਼ਹੀਦ ਭਗਤ ਸਿੰਘ ਹਰਿਆਲੀ ਲਹਿਰ ਸ਼ੁਰੂ ਕੀਤੀ ਗਈ ਹੈ। ਭਗਵੰਤ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਤੇ ਪ੍ਰਦੂਸ਼ਣ ਮੁਕਤ ਕਰਨ ਲਈ ਇਸ ਮੁਹਿੰਮ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ।



ਗੁਰਬਾਣੀ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ’ ਰਾਹੀਂ ਗੁਰੂ ਸਾਹਿਬਾਨ ਨੇ ਹਵਾ ਨੂੰ ਗੁਰੂ (ਅਧਿਆਪਕ), ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਹੈ ਪਰ ਬਦਕਿਸਮਤੀ ਨਾਲ ਅਸੀਂ ਗੁਰੂ ਸਾਹਿਬਾਨ ਦੇ ਆਸ਼ੇ ਮੁਤਾਬਕ ਨਹੀਂ ਚੱਲ ਰਹੇ ਅਤੇ ਅਸੀਂ ਇਨ੍ਹਾਂ ਤਿੰਨਾਂ ਨੂੰ ਹੀ ਪਲੀਤ ਕਰ ਦਿੱਤਾ ਹੈ। ਭਗਵੰਤ ਮਾਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ, ਜਦੋਂ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਸਾਨੂੰ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦੀ ਬੇਹੱਦ ਲੋੜ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੋਰੋਨਾ ਮਹਾਂਮਾਰੀ ਨੇ ਸਾਨੂੰ ਰੁੱਖਾਂ ਦੇ ਮਹੱਤਵ ਦਾ ਪਾਠ ਪੜ੍ਹਾਇਆ ਕਿਉਂਕਿ ਲੋਕਾਂ ਨੂੰ ਆਕਸੀਜਨ ਸਿਲੰਡਰਾਂ ਦੀ ਸ਼ਕਲ ਵਿੱਚ ਮਸਨੂਈ ਸਾਹ ਲੈਣ ਲਈ ਮੋਟੀ ਰਕਮ ਖਰਚਣੀ ਪਈ, ਜਦੋਂ ਕਿ ਰੁੱਖ ਸਾਡੇ ਲਈ ਆਕਸੀਜਨ ਦਾ ਕੁਦਰਤੀ ਸਰੋਤ ਹਨ। ਇਸ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਾਉਣ ਉਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ ਤਾਂ ਜੋ ਹਰਿਆਲੀ ਵਧਾਈ ਜਾ ਸਕੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਬਚਾਇਆ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਤਹੀ ਜਲ ਦੀ ਵਿਵੇਕਸ਼ੀਲ ਵਰਤੋਂ ਯਕੀਨੀ ਬਣਾ ਰਹੀ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਉਤੇ ਦਬਾਅ ਘਟਾ ਕੇ ਤੇਜ਼ੀ ਨਾਲ ਡਿੱਗਦੇ ਪਾਣੀ ਦੇ ਪੱਧਰ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਸਾਲ ਸੂਬਾ ਸਰਕਾਰ ਨੇ ਝੋਨੇ ਦੀ ਸਿੱਧੀ ਬਿਜਾਈ ਉਤੇ ਮਾਲੀ ਮਦਦ ਦਾ ਐਲਾਨ ਕੀਤਾ, ਜਿਸ ਕਾਰਨ ਸੂਬੇ ਭਰ ਵਿੱਚ 20 ਲੱਖ ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਹੋਈ। ਭਗਵੰਤ ਮਾਨ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਨੇ ਇਕ ਹੋਰ ਕੋਸ਼ਿਸ਼ ਤਹਿਤ ਕਣਕ-ਝੋਨੇ ਦੇ ਫ਼ਸਲੀ ਚੱਕਰ ਨੂੰ ਤੋੜਨ ਤੇ ਪਾਣੀ ਬਚਾਉਣ ਲਈ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਵਾਸਤੇ ਮੂੰਗੀ ਉਤੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕੀਤਾ ਹੈ।

ਸੂਬੇ ਦੇ ਵਾਤਾਵਰਨ ਨੂੰ ਤਬਾਹ ਕਰਨ ਲਈ ਪਿਛਲੀਆਂ ਸਰਕਾਰਾਂ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਜਿਨ੍ਹਾਂ ਨੂੰ ਸੂਬੇ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ, ਉਨ੍ਹਾਂ ਆਪਣੇ ਸਵਾਰਥਾਂ ਲਈ ਇਸ ਦੇ ਵਾਤਾਵਰਨ ਨੂੰ ਤਬਾਹ ਕਰ ਦਿੱਤਾ। ਭਗਵੰਤ ਮਾਨ ਨੇ ਕਿਹਾ ਕਿ ਜਿਨ੍ਹਾਂ ਮੰਤਰੀਆਂ ਕੋਲ ਵੱਧ ਤੋਂ ਵੱਧ ਪੌਦੇ ਲਾ ਕੇ ਹਰਿਆਲੀ ਵਧਾਉਣ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਇਸ ਦੇ ਉਲਟ ਕਮਿਸ਼ਨ ਲੈਣ ਲਈ ਰੁੱਖਾਂ ਦੀ ਬੇਰਹਿਮੀ ਨਾਲ ਕਟਾਈ ਦੀ ਇਜਾਜ਼ਤ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਬਰਤਾਨਵੀ ਰਾਜ ਤੋਂ ਵੀ ਜ਼ਿਆਦਾ ਸੂਬੇ ਦੇ ਅਸਾਸਿਆਂ ਦੀ ਲੁੱਟ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਆਪਣੇ ਸਵਾਰਥਾਂ ਲਈ ਗੈਰ-ਕਾਨੂੰਨੀ ਤਰੀਕੇ ਰਾਹੀਂ ਪੈਸਾ ਬਣਾਇਆ ਅਤੇ ਲੋਕਾਂ ਦੀ ਭਲਾਈ ਨੂੰ ਦਰਕਿਨਾਰ ਕੀਤਾ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਵੱਲੋਂ ਜਨਤਕ ਪੈਸੇ ਦੀ ਖੁੱਲ੍ਹੀ ਲੁੱਟ ਨਾਲ ਸੂਬੇ ਦਾ ਵਿਕਾਸ ਲੀਹ ਤੋਂ ਲਹਿ ਗਿਆ ਅਤੇ ਇਸ ਨਾਲ ਲੋਕ ਗਰੀਬੀ ਦੇ ਘੋਰ ਚੱਕਰ ਵਿੱਚ ਧੱਕੇ ਗਏ। ਲੋਕਾਂ ਦੇ ਪੈਸੇ ਦੀ ਲੁੱਟ ਰੋਕਣ ਲਈ ਸਰਕਾਰ ਦੀਆਂ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਦੇ ਪੈਸੇ ਦੀ ਖੁੱਲ੍ਹੀ ਲੁੱਟ ਰੋਕਣ ਲਈ ਭ੍ਰਿਸਟਾਚਾਰ ਵਿਰੁੱਧ ਜੰਗ ਵਿੱਢੀ ਹੋਈ ਹੈ ਅਤੇ ਕਰ-ਦਾਤਾਵਾਂ ਦਾ ਪੈਸਾ ਹੁਣ ਲੋਕਾਂ ਦੀ ਭਲਾਈ ਅਤੇ ਸੂਬੇ ਦੇ ਵਿਕਾਸ ’ਤੇ ਖਰਚ ਹੋ ਰਿਹਾ ਹੈ। ਪਵਿੱਤਰ ਕਾਲੀ ਵੇਈਂ ਦੀ ਸਫ਼ਾਈ ਲਈ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਕੀਤੇ ਗਏ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਇਸ਼ਨਾਨ ਕਰਿਆ ਕਰਦੇ ਸਨ, ਉਸ ਪਵਿੱਤਰ ਵੇਈਂ ਦੀ ਸਫ਼ਾਈ ਸਬੰਧੀ ਸੰਤ ਸੀਚੇਵਾਲ ਵੱਲੋਂ 22 ਵਰ੍ਹੇ ਪਹਿਲਾਂ ਅਰੰਭਿਆ ਇਤਿਹਾਸਕ ਕਾਰਜ ਅਹਿਮ ਤਬਦੀਲੀ ਦਾ ਸਬੱਬ ਬਣਿਆ ਹੈ। ਇਸ ਦੌਰਾਨ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਬਲਕਾਰ ਸਿੰਘ, ਰਮਨ ਅਰੋੜਾ, ਸ਼ੀਤਲ ਅੰਗੂਰਾਲ ਅਤੇ ਇੰਦਰਜੀਤ ਕੌਰ ਮਾਨ, ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਅਤੇ ਹੋਰ ਵੀ ਮੌਜੂਦ ਰਹੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ, ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ ਐਸ. ਭੂਪਤੀ, ਐਸ.ਐਸ.ਪੀ. ਆਰ.ਐਸ. ਸੰਧੂ, ਮੁੱਖ ਮੰਤਰੀ ਦੇ ਵਧੀਕ ਵਿਸ਼ੇਸ਼ ਪ੍ਰਮੁੱਖ ਸਕੱਤਰ ਹਿਮਾਂਸ਼ੂ ਜੈਨ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਮਨਪ੍ਰੀਤ ਇਆਲੀ ਵਲੋਂ ਸੁਖਬੀਰ ਬਾਦਲ ਖਿਲਾਫ ਬਗਾਵਤ

### ਦ੍ਰੋਪਦੀ ਮੁਰਮੂ ਨੂੰ ਵੋਟ ਦੇਣ ਤੋਂ ਕੀਤਾ ਇਨਕਾਰ, ਕਿਹਾ- ਪਾਰਟੀ ਨੇ ਸਲਾਹ ਨਹੀਂ ਲਈ





ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) -ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਰਾਸ਼ਟਰਪਤੀ ਚੋਣ ਨੂੰ ਲੈ ਕੇ ਬਗਾਵਤ ਹੋ ਗਈ ਹੈ। ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਭਾਜਪਾ ਸਮਰਥਿਤ ਐਨਡੀਏ ਉਮੀਦਵਾਰ ਦ੍ਰੋਪਦੀ ਮੁਰਮੂ ਨੂੰ ਵੋਟ ਪਾਉਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਇਸ ਚੋਣ ਦਾ ਬਾਈਕਾਟ ਕਰਨ ਅਤੇ ਕਿਸੇ ਨੂੰ ਵੋਟ ਨਾ ਪਾਉਣ ਦੀ ਗੱਲ ਕਹੀ। ਵੋਟ ਨਾ ਪਾਉਣਾ ਤਾਂ ਇੱਕ ਬਹਾਨਾ ਹੈ, ਅਸਲ ਵਿੱਚ ਇਸ ਸਮੇਂ ਅਕਾਲੀ ਦਲ ਦੀ ਮਾੜੀ ਕਾਰਗੁਜ਼ਾਰੀ ਤੋਂ ਤਮਾਮ ਅਕਾਲੀ ਲੀਡਰ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕਾਰਗੁਜ਼ਾਰੀ ਤੋਂ ਨਾਖੁਸ਼ ਹਨ। ਇਸ ਲਈ ਦਬੇ ਸੁਰਾਂ ਵਿੱਚ ਲੀਡਰਸ਼ਿਪ ਵਿੱਚ ਤਬਦੀਲੀ ਦੀ ਮੰਗ ਕੀਤੀ ਜਾ ਰਹੀ ਹੈ।

ਇਸ ਤੋਂ ਪਹਿਲਾਂ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਦੇ ਫੈਸਲੇ ਤੋਂ ਬਾਅਦ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁਰਮੂ ਦਾ ਸਮਰਥਨ ਕੀਤਾ ਸੀ। ਇਆਲੀ ਨੇ ਕਿਹਾ ਕਿ ਮੇਰਾ ਮੁਰਮੂ ਨਾਲ ਕੋਈ ਵਿਰੋਧ ਨਹੀਂ ਹੈ ਪਰ ਵੋਟ ਨਹੀਂ ਪਾਵਾਂਗਾ।

**ਕਾਂਗਰਸ ਤੋਂ ਸਿੱਖਾਂ ਦਾ ਮਸਲਾ ਹੱਲ ਹੋਣ ਦੀ ਉਮੀਦ ਨਹੀਂ ਸੀ**

ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਪੰਜਾਬ ਸੂਬਾ ਬਣਾਉਣ ਸਮੇਂ ਪੰਜਾਬੀ ਬੋਲਦੇ ਇਲਾਕੇ ਨਹੀਂ ਦਿੱਤੇ ਗਏ। ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਹੈ ਪਰ ਅੱਜ ਤੱਕ ਪੰਜਾਬ ਨੂੰ ਨਹੀਂ ਦਿੱਤਾ ਗਿਆ। ਪੰਜਾਬ ਦੇ ਪਾਣੀਆਂ ਦੇ ਮਸਲੇ ਹੱਲ ਨਹੀਂ ਹੋਏ। ਕੇਂਦਰ ਦੀ ਕਾਂਗਰਸ ਸਰਕਾਰ ਨੇ ਵੀ ਐਸਵਾਈਐਲ ਨਹਿਰ ਨੂੰ ਜਬਰੀ ਕੱਢਣਾ ਸ਼ੁਰੂ ਕਰ ਦਿੱਤਾ ਹੈ। ਸਿੱਖਾਂ ਦੇ ਕਤਲੇਆਮ ਅਤੇ ਦਰਬਾਰ ਸਾਹਿਬ 'ਤੇ ਹਮਲੇ ਕਾਂਗਰਸ ਨੇ ਕਰਵਾਏ ਸਨ। ਸਾਨੂੰ ਕਾਂਗਰਸ ਤੋਂ ਸਿੱਖ ਕੌਮ ਦੇ ਮਸਲੇ ਹੱਲ ਕਰਨ ਦੀ ਉਮੀਦ ਨਹੀਂ ਸੀ।

**ਭਾਜਪਾ ਤੋਂ ਉਮੀਦਾਂ ਸਨ ਪਰ ਕੁਝ ਨਹੀਂ ਕੀਤਾ**

ਇਆਲੀ ਨੇ ਕਿਹਾ ਕਿ ਸਾਨੂੰ ਭਾਜਪਾ ਤੋਂ ਬਹੁਤ ਉਮੀਦਾਂ ਸਨ। ਕੇਂਦਰ ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਵੀ ਮਸਲੇ ਹੱਲ ਨਹੀਂ ਹੋਏ। ਕਾਰਨ ਜੋ ਵੀ ਸੀ, ਮਸਲਾ ਹੱਲ ਨਹੀਂ ਹੋਇਆ। ਵੋਟ ਪਾਉਣ ਦੇ ਪਾਰਟੀ ਦੇ ਫੈਸਲੇ 'ਤੇ ਮੇਰੇ ਨਾਲ ਸਲਾਹ ਨਹੀਂ ਕੀਤੀ ਗਈ। ਇਸ ਸਬੰਧੀ ਸਿੱਖ ਕੌਮ ਦੀ ਰਾਏ ਵੀ ਨਹੀਂ ਲਈ ਗਈ। ਮੈਂ ਆਪਣੇ ਹਲਕੇ ਦੇ ਲੋਕਾਂ ਨਾਲ ਵੀ ਗੱਲ ਕੀਤੀ। ਬਹੁਤੀਆਂ ਸਲਾਹਾਂ ਲੈਣ ਤੋਂ ਬਾਅਦ ਸੰਪਰਦਾ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਬਾਈਕਾਟ ਕਰਨ ਦਾ ਫੈਸਲਾ ਕੀਤਾ ਗਿਆ ਹੈ।

**ਭਾਜਪਾ ਸਰਕਾਰ ਵਿੱਚ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ**

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿੱਚ ਪੰਜਾਬ ਦੇ ਹੱਕਾਂ ਨੂੰ ਖੋਹਿਆ ਜਾ ਰਿਹਾ ਹੈ। ਚੰਡੀਗੜ੍ਹ ਵਿੱਚ ਅਸੈਂਬਲੀ ਲਈ ਜ਼ਮੀਨ ਦੇਣ, ਪੰਜਾਬ ਯੂਨੀਵਰਸਿਟੀ ਦਾ ਕੇਂਦਰੀਕਰਨ, ਬੀਬੀਐਮਬੀ ਦਾ ਮੁੱਦਾ, ਬੰਦੀ ਸਿੱਖਾਂ ਦੀ ਰਿਹਾਈ ਅਤੇ ਚੰਡੀਗੜ੍ਹ ਵਿੱਚ ਕੇਂਦਰੀ ਨਿਯਮਾਂ ਨੂੰ ਲਾਗੂ ਕਰਨ ਵਰਗੇ ਕਈ ਮਾਮਲਿਆਂ ਵਿੱਚ ਹਰਿਆਣਾ ਦਾ ਪੰਜਾਬ ਨਾਲ ਟਕਰਾਅ ਚੱਲ ਰਿਹਾ ਹੈ।

**ਪਾਰਟੀ 'ਚ ਬਦਲਾਅ ਦੀ ਮੰਗ**

ਮਨਪ੍ਰੀਤ ਇਆਲੀ ਨੇ ਕਿਹਾ ਕਿ ਪੰਜਾਬ ਅਤੇ ਸਿੱਖ ਕੌਮ ਦੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਬਹੁਤ ਆਸਾਂ ਹਨ। ਇਸ ਸਬੰਧੀ ਇਕਬਾਲ ਝੂੰਦਾਂ ਦੀ ਰਿਪੋਰਟ ਵਿੱਚ ਜੋ ਵੀ ਆਉਂਦਾ ਹੈ, ਉਸ ਨੂੰ ਲਾਗੂ ਕੀਤਾ ਜਾਵੇ। ਪਾਰਟੀ ਵਿੱਚ ਜੋ ਵੀ ਬਦਲਾਅ ਦੀ ਲੋੜ ਹੈ, ਉਹ ਜ਼ਰੂਰ ਕੀਤੀ ਜਾਵੇ ਤਾਂ ਜੋ ਪਾਰਟੀ ਮੁੜ ਤੋਂ ਲੋਕਾਂ ਦੀ ਸੇਵਾ ਕਰ ਸਕੇ। ਸੱਤਾ ਦੇ ਮਗਰ ਭੱਜਣ ਦੀ ਬਜਾਏ ਅਕਾਲੀ ਦਲ ਨੂੰ ਸਿੱਖਾਂ ਦੇ ਹੱਕਾਂ ਲਈ ਲੜਨਾ ਚਾਹੀਦਾ ਹੈ। ਇਸ ਨਾਲ ਲੋਕਾਂ ਦਾ ਭਰੋਸਾ ਵਧੇਗਾ।

# ਪਟਿਆਲਾ ਜੇਲ੍ਹ 'ਚ ਬਣੀ ਸਿੱਧੂ-ਦਲੇਰ ਮਹਿੰਦੀ ਦੀ ਜੋੜੀ



### ਦੋਵਾਂ ਨੂੰ ਇੱਕੋ ਬੈਰਕ ਵਿੱਚ ਰੱਖਿਆ ਗਿਆ ਸੀ; ਸਾਬਕਾ ਕ੍ਰਿਕਟਰ ਤੇ ਪੰਜਾਬੀ ਗਾਇਕ ਵਿਚਕਾਰ ਹੈ ਪੁਰਾਣੀ ਦੋਸਤੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) - ਸਾਬਕਾ ਕ੍ਰਿਕੇਟਰ ਤੇ ਕਾਂਗਰਸ ਨੇਤਾ ਨਵਜੋਤ ਸਿੱਧੂ ਅਤੇ ਪੰਜਾਬੀ ਗਾਇਕ ਦਲੇਰ ਮਹਿੰਦੀ ਪੰਜਾਬ ਦੀ ਪਟਿਆਲਾ ਜੇਲ੍ਹ ਵਿੱਚ ਇਕੱਠੇ ਰਹਿ ਰਹੇ ਹਨ। ਜੇਲ੍ਹ ਪ੍ਰਸ਼ਾਸਨ ਨੇ ਦੋਵਾਂ ਨੂੰ ਇੱਕੋ ਬੈਰਕ ਵਿੱਚ ਰੱਖਿਆ ਹੋਇਆ ਹੈ। ਸਿੱਧੂ ਅਤੇ ਦਲੇਰ ਮਹਿੰਦੀ ਪੁਰਾਣੇ ਦੋਸਤ ਹਨ। ਉਹ ਕਈ ਟੀਵੀ ਸ਼ੋਅਜ਼ ਵਿੱਚ ਇਕੱਠੇ ਨਜ਼ਰ ਆ ਚੁੱਕੇ ਹਨ। ਸਜ਼ਾ ਮਿਲਣ ਤੋਂ ਬਾਅਦ ਦਲੇਰ ਮਹਿੰਦੀ ਕਾਫੀ ਨਿਰਾਸ਼ ਹੈ। ਜੇਲ੍ਹ ਵਿੱਚ ਸਿੱਧੂ ਨੇ ਗੱਲਬਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ।

ਜਦੋਂ ਕਿ ਦਲੇਰ ਮਹਿੰਦੀ ਨੂੰ ਜੇਲ੍ਹ ਵਿੱਚ ਲਿਖਾਰੀ ਦਾ ਕੰਮ ਦਿੱਤਾ ਗਿਆ ਹੈ। ਉਹ ਵੀ ਸਿੱਧੂ ਵਾਂਗ ਬੈਰਕਾਂ ਤੋਂ ਕੰਮ ਕਰਨਗੇ। ਜੇਲ੍ਹ ਸਟਾਫ਼ ਉਨ੍ਹਾਂ ਨੂੰ ਰੋਜ਼ਾਨਾ ਰਜਿਸਟਰ ਦੇਵੇਗਾ। ਇਸ ਤੋਂ ਪਹਿਲਾਂ ਸਿੱਧੂ ਨੂੰ ਜੇਲ੍ਹ ਵਿੱਚ ਕਲਰਕ ਦੀ ਨੌਕਰੀ ਵੀ ਦਿੱਤੀ ਜਾ ਚੁੱਕੀ ਹੈ।

**ਸਿੱਧੂ ਰੋਡਰੇਜ ਮਾਮਲੇ 'ਚ ਹੋਈ ਸਜ਼ਾ**

ਨਵਜੋਤ ਸਿੱਧੂ 34 ਸਾਲ ਪੁਰਾਣੇ ਰੋਡ ਰੇਜ ਮਾਮਲੇ 'ਚ ਇਕ ਸਾਲ ਦੀ ਸਜ਼ਾ ਕੱਟ ਰਹੇ ਹਨ। ਸਿੱਧੂ ਨੂੰ ਇਸ ਮਾਮਲੇ ਵਿੱਚ ਪਹਿਲਾਂ ਜੁਰਮਾਨਾ ਭਰਨ ਤੋਂ ਬਾਅਦ ਹੀ ਛੱਡ ਦਿੱਤਾ ਗਿਆ ਸੀ। ਪਰਿਵਾਰ ਨੇ ਇਸ ਦੇ ਖਿਲਾਫ ਰੀਵਿਊ ਪਟੀਸ਼ਨ ਦਾਇਰ ਕੀਤੀ ਸੀ। ਜਿਸ ਵਿੱਚ ਸੁਪਰੀਮ ਕੋਰਟ ਨੇ ਫੈਸਲਾ ਬਦਲਦਿਆਂ ਸਿੱਧੂ ਨੂੰ ਇੱਕ ਸਾਲ ਦੀ ਸਖ਼ਤ ਸਜ਼ਾ ਸੁਣਾਈ ਹੈ। ਉਦੋਂ ਤੋਂ ਉਹ ਪਟਿਆਲਾ ਜੇਲ੍ਹ ਵਿੱਚ ਬੰਦ ਹੈ।

**ਦਲੇਰ ਕਬੂਤਰਬਾਜ਼ੀ ਮਾਮਲੇ 'ਚ ਦੋਸ਼ੀ ਕਰਾਰ**

ਦਲੇਰ ਮਹਿੰਦੀ ਨੂੰ ਕਬੂਤਰਬਾਜ਼ੀ ਯਾਨੀ ਮਨੁੱਖੀ ਤਸਕਰੀ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਹ ਮਾਮਲਾ ਸਾਲ 2003 ਦਾ ਹੈ। ਉਸ 'ਤੇ 10 ਲੋਕਾਂ ਨੂੰ ਆਪਣੀ ਟੀਮ ਦਾ ਮੈਂਬਰ ਬਣਾ ਕੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਲਿਜਾਣ ਦਾ ਦੋਸ਼ ਹੈ। ਉਸ ਦੇ ਭਰਾ ਸ਼ਮਸ਼ੇਰ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ ਪਰ ਬਾਅਦ ਵਿੱਚ ਦਲੇਰ ਨੂੰ ਵੀ ਨਾਮਜ਼ਦ ਕਰ ਲਿਆ ਗਿਆ। ਉਸ ਨੂੰ ਹੇਠਲੀ ਅਦਾਲਤ ਨੇ 2018 ਵਿੱਚ 2 ਸਾਲ ਦੀ ਸਜ਼ਾ ਸੁਣਾਈ ਸੀ। ਜਿਸ ਦੇ ਖਿਲਾਫ ਉਹ ਪਟਿਆਲਾ ਦੀ ਸੈਸ਼ਨ ਕੋਰਟ ਗਿਆ। ਅਦਾਲਤ ਨੇ ਉਸ ਦੀ ਸਜ਼ਾ ਬਰਕਰਾਰ ਰੱਖੀ, ਜਿਸ ਤੋਂ ਬਾਅਦ ਉਸ ਨੂੰ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ।

## ਸ਼ਹੀਦ ਊਧਮ ਸਿੰਘ ਬਾਰੇ ਨਵੀਂ ਖੋਜ

# ਫਾਂਸੀ ਦੇਣ ਵਾਲੇ ਜਲਾਦ ਦੀ ਕਹਾਣੀ, ਜਿਸਨੇ 600 ਤੋਂ ਵੱਧ ਫਾਂਸੀਆਂ ਦਿੱਤੀਆਂ

ਸ਼ਹੀਦ ਊਧਮ ਸਿੰਘ ਇੱਕ ਅਜਿਹਾ ਯੋਧਾ ਸੀ, ਜਿਸ ਨੇ ਸੈਂਕੜੇ ਨਿਰਦੋਸ਼ ਪੰਜਾਬੀਆਂ ਦੇ ਕਤਲੇਆਮ ਦਾ ਬਦਲਾ ਲਿਆ ਜੋ ਕਿ ਅੰਗਰੇਜ਼ ਹਕੂਮਤ ਵੱਲੋਂ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲੇ ਬਾਗ਼ ਵਿਚ ਸ਼ਹੀਦ ਕੀਤੇ ਗਏ ਸਨ। 13 ਮਾਰਚ 1940 ਨੂੰ ਜਦੋਂ ਜਲ੍ਹਿਆਂਵਾਲੇ ਬਾਗ਼ ਦੇ ਕਤਲੇਆਮ ਦਾ ਮੁੱਖ ਦੋਸ਼ੀ ਤੇ ਤਤਕਾਲੀਨ ਪੰਜਾਬ ਦਾ ਗਵਰਨਰ ਮਾਇਕਲ ਓਡਵਾਇਰ ਇੱਕ ਸਮਾਗਮ ਵਿਚ ਸ਼ਾਮਲ ਹੋਇਆ ਤਾਂ ਊਧਮ ਸਿੰਘ ਨੇ ਉਸ ਨੂੰ ਗੋਲੀਆਂ ਨਾਲ ਭੁੰਨ ਕੇ ਇਸ ਕਤਲੇਆਮ ਦਾ ਬਦਲਾ ਲਿਆ ਸੀ। ਗ੍ਰਿਫ਼ਤਾਰੀ ਤੋਂ ਬਾਅਦ ਕਈਂ ਮਹੀਨੇ ਕੋਰਟ ਵਿਚ ਟਰਾਇਲ ਚਲਿਆ ਤੇ ਅਖੀਰ 31 ਜੁਲਾਈ 1940 ਨੂੰ ਅੰਗਰੇਜ਼ ਹਕੂਮਤ ਨੇ ਊਧਮ ਸਿੰਘ ਨੂੰ ਫਾਂਸੀ ਚੜ੍ਹਾ ਦਿੱਤਾ। ਸਾਡਾ ਅੱਜ ਦਾ ਵਿਸ਼ਾ ਸ਼ਹੀਦ ਊਧਮ ਸਿੰਘ ਨੂੰ ਫਾਂਸੀ ਚੜ੍ਹਾਉਣ ਵਾਲੇ ਜਲਾਦ ਨਾਲ ਸਬੰਧਤ ਹੈ, ਜਿਸ ਦਾ ਨਾਮ ਅਲਬਰਟ ਪਿਅਰੇਪੁਆਇੰਟ ਸੀ। ਐਲਬਰਟ ਇੱਕ ਖ਼ਾਨਦਾਨੀ ਜਲਾਦ ਸੀ। ਉਸ ਦੇ ਪਿਤਾ ਦਾ ਨਾਮ ਹੈਨਰੀ ਪਿਅਰੇਪੁਆਇੰਟ ਸੀ, ਜੋ ਕਿ ਇੱਕ ਪਾਰਟ-ਟਾਈਮ ਸਰਕਾਰੀ ਜਲਾਦ ਸੀ ਤੇ ਉਸ ਨੇ ਸੈਂਕੜੇ ਲੋਕਾਂ ਨੂੰ ਫਾਂਸੀ ਚੜ੍ਹਾਇਆ। ਇਸ ਜਲਾਦ-ਪੁਣੇ ਨਾਲ ਘਰ ਦਾ ਖ਼ਰਚ ਨਹੀਂ ਚਲਦਾ ਸੀ ਤੇ ਸ਼ਰਾਬ ਦੀ ਲਤ ਕਾਰਨ ਉਹ ਵੀ ਆਰਥਿਕ ਪੱਖੋਂ ਕਾਫ਼ੀ ਗ਼ਰੀਬੀ ਵਿਚ ਰਿਹਾ। ਜਾਣਕਾਰੀ ਮੁਤਾਬਿਕ ਸਾਲ 1910 ਵਿਚ ਇੱਕ ਫਾਂਸੀ ਨੂੰ ਅੰਜਾਮ ਦੇਣ ਤੋਂ ਪਹਿਲਾਂ ਹੈਨਰੀ ਨੇ ਸ਼ਰਾਬੀ ਹਾਲਤ ਵਿਚ ਜੇਲ੍ਹ ਅੰਦਰ ਆਪਣੇ ਇੱਕ ਸਾਥੀ ਨਾਲ ਕਾਫ਼ੀ ਕੁੱਟਮਾਰ ਕੀਤੀ, ਜਿਸ ਕਾਰਨ ਉਸ ਨੂੰ ਸਰਕਾਰੀ ਜਲਾਦਾਂ ਦੀ ਸੂਚੀ ਵਿਚੋਂ ਹਟਾ ਦਿੱਤਾ ਗਿਆ ਪਰ ਉਸ ਦਾ ਭਰਾ ਥਾਮਸ ਫਿਰ ਇਸ ਪੇਸ਼ੇ ਵਿਚ ਆ ਗਿਆ। ਅਲਬਰਟ ਪਿਅਰੇਪੁਆਇੰਟ ਨੇ ਵੀ ਆਪਣੀ ਸਕੂਲੀ ਪੜ੍ਹਾਈ ਦੌਰਾਨ ਪੁੱਛਣ ਉੱਤੇ ਦੱਸਿਆ ਸੀ ਕਿ ਉਹ ਵੀ ਆਪਣੇ ਪਿਤਾ ਤੇ ਅੰਕਲ ਵਾਂਗ ਜਲਾਦ ਬਣਨਾ ਚਾਹੁੰਦਾ ਹੈ।

ਕਈਂ ਵੱਖ-ਵੱਖ ਕੰਮਾਂ ਵਿਚ ਹੱਥ ਅਜ਼ਮਾਉਣ ਤੇ ਫ਼ੇਲ੍ਹ ਹੋਣ ਤੋਂ ਬਾਅਦ ਕਿਸਮਤ ਅਲਬਰਟ ਪਿਅਰੇਪੁਆਇੰਟ ਨੂੰ ਵੀ ਆਪਣੇ ਖ਼ਾਨਦਾਨੀ ਪੇਸ਼ੇ ਵੱਲ ਖਿੱਚ ਲਿਆਈ। ਸਾਲ 1932 ਵਿਚ ਉਸ ਨੇ ਆਪਣੀ ਜ਼ਿੰਦਗੀ ਦੀ ਪਹਿਲੀ ਫਾਂਸੀ ਨੂੰ ਅੰਜਾਮ ਦਿੱਤਾ। ਅਲਬਰਟ ਆਪਣੇ ਕੰਮ ਵਿਚ ਇੰਨਾ ਮਾਹਿਰ ਸੀ ਕਿ ਫਾਂਸੀ ਕੋਠੀ ਵਿਚ ਕੈਦੀ ਨੂੰ ਲਿਆਉਣ ਤੇ ਫਾਂਸੀ ਨੂੰ ਅੰਜਾਮ ਦੇਣ ਵਿਚ ਉਹ ਮਹਿਜ਼ 12 ਸਕਿੰਟ ਲਗਾਉਂਦਾ ਸੀ। ਉਸ ਦੇ ਕੰਮ ਦੀ ਰਫ਼ਤਾਰ ਉਸ ਦੇ ਮਾਹਿਰ ਹੋਣ ਦੀ ਵੱਡੀ ਨਿਸ਼ਾਨੀ ਸੀ।




ਸ਼ਹੀਦ ਊਧਮ ਸਿੰਘ ਨੂੰ ਵੀ ਇਸੇ ਜਲਾਦ ਨੇ ਫਾਂਸੀ ਦਿੱਤੀ, ਇਸ ਗੱਲ ਦੀ ਪੁਸ਼ਟੀ ਅਲਬਰਟ ਦੀ ਨਿੱਜੀ ਡਾਇਰੀ ਵਿਚੋਂ ਹੁੰਦੀ ਹੈ। ਦਰਅਸਲ ਅਲਬਰਟ ਆਪਣੇ ਵੱਲੋਂ ਦਿੱਤੀਆਂ ਫਾਂਸੀਆਂ ਦੀ ਬਕਾਇਦਾ ਇੱਕ ਸੂਚੀ ਤਿਆਰ ਕਰਦਾ ਹੁੰਦਾ ਸੀ। ਇਸ ਸੂਚੀ ਵਿਚ ਉਹ ਕੈਦੀ ਦਾ ਨਾਮ, ਉਮਰ, ਕੱਦ, ਭਾਰ, ਰੱਸੀ ਦੀ ਲੰਬਾਈ ਤੇ ਜੇਲ੍ਹ ਦਾ ਨਾਮ ਦਰਜ ਕਰਦਾ ਹੁੰਦਾ ਸੀ। ਸ਼ਹੀਦ ਊਧਮ ਸਿੰਘ ਬਾਬਤ ਜਦੋਂ ਮੈਂ ਖੋਜ-ਪੜਤਾਲ ਕਰ ਰਿਹਾ ਸੀ ਤਾਂ ਮੈਨੂੰ ਇੰਟਰਨੈੱਟ ਉੱਤੇ ਅਲਬਰਟ ਦੀ ਡਾਇਰੀ ਵੇਖਣ ਨੂੰ ਮਿਲੀ ਤੇ ਇਸ ਡਾਇਰੀ ਕਾਰਨ ਹੀ ਸ਼ਹੀਦ ਊਧਮ ਸਿੰਘ ਦੇ ਫਾਂਸੀ ਵਕਤ ਵਜ਼ਨ ਤੇ ਕੱਦ ਦਾ ਸਹੀ ਅੰਦਾਜ਼ਾ ਹੋ ਜਾਂਦਾ ਹੈ। ਡਾਇਰੀ ਮੁਤਾਬਿਕ ਉਸ ਸਮੇਂ ਊਧਮ ਸਿੰਘ ਦਾ ਕੱਦ 5 ਫੁੱਟ 8 ਇੰਚ ਤੇ ਭਾਰ 71.66 ਕਿਲੋਗ੍ਰਾਮ ਸੀ।


ਅਲਬਰਟ ਪਿਅਰੇਪੁਆਇੰਟ ਨੇ ਸਾਲ 1932 ਤੋਂ ਲੈ ਕੇ 1955 ਤੱਕ ਤਕਰੀਬਨ 600 ਤੋਂ ਵੱਧ ਲੋਕਾਂ ਨੂੰ ਫਾਂਸੀ ਦਿੱਤੀ। ਜਿਸ ਵਿਚ ਅਨੇਕਾਂ ਔਰਤਾਂ ਵੀ ਸ਼ਾਮਲ ਸਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਉਸ ਨੂੰ ਇੱਕ ਆਨਰੇਰੀ ਲੈਫ਼ਟੀਨੈਂਟ-ਕਰਨਲ ਵੀ ਨਿਯੁਕਤ ਕੀਤਾ ਗਿਆ ਸੀ। ਅਲਬਰਟ ਨੇ 1945 ਤੋਂ 1949 ਦੇ ਵਿਚਕਾਰ ਹੈਮਲਿਨ, ਜਰਮਨੀ, ਗ੍ਰੇਜ਼ ਤੇ ਆਸਟਰੀਆ ਵਿੱਚ ਦੂਜੇ ਵਿਸ਼ਵ ਯੁੱਧ ਦੇ ਅਪਰਾਧੀਆਂ ਨੂੰ ਫਾਂਸੀ ਦੇਣ ਵਿਚ ਵੀ ਆਪਣੀ ਭੂਮਿਕਾ ਨਿਭਾਈ। ਇੱਕ ਦਿਨ ਦੇ ਵਿਚ ਅਲਬਰਟ ਨੇ ਔਸਤਨ 10 ਕੈਦੀ ਫਾਂਸੀ ਉੱਤੇ ਚੜ੍ਹਾਏ ਸਨ। ਅਲਬਰਟ ਵੱਲੋਂ ਫਾਂਸੀ ਦਿੱਤੇ ਗਏ ਲੋਕਾਂ ਵਿੱਚ ਕੈਂਪ ਕਮਾਂਡੈਂਟ ਜੋਸੇਫ ਕ੍ਰੈਮਰ, ਇਰਮਾ ਗਰੇਸ, ਡਾ. ਬਰੂਨੋ ਟੈਸਚ, ਵਿਲੀਅਮ ਜੋਇਸ ਆਦਿ ਜਿਹੇ ਦਰਿੰਦਿਆਂ ਦੇ ਨਾਮ ਸ਼ਾਮਲ ਹਨ, ਜਿਨ੍ਹਾਂ ਨੇ ਹਜ਼ਾਰਾਂ ਬੇਗੁਨਾਹ ਲੋਕਾਂ ਨੂੰ ਜਰਮਨੀ ਦੇ ਕੈਂਪਾਂ ਵਿਚ ਬੇਰਹਿਮੀ ਨਾਲ ਮਾਰ ਮੁਕਾਇਆ ਸੀ।



ਅਲਬਰਟ ਦੀ ਜ਼ਿੰਦਗੀ ਵੀ ਕਾਫ਼ੀ ਪ੍ਰੇਸ਼ਾਨੀਆਂ ਭਰੀ ਸੀ। ਇਸ ਕਿੱਤੇ ਨੇ ਉਸ ਨੂੰ ਜਿੱਥੇ ਨਾਮ ਤੇ ਸ਼ੁਹਰਤ ਦਿੱਤੀ ਤਾਂ ਉੱਥੇ ਹੀ ਆਪਣੇ ਚੰਗੇ ਦੋਸਤ ਨੂੰ ਫਾਹੇ ਲਟਕਾਉਣ ਦਾ ਦਾਗ਼ ਵੀ ਉਹ ਆਪਣੇ ਮੱਥੇ ਤੋਂ ਕਦੇ ਨਾ ਧੋਅ ਸਕਿਆ। ਦਰਅਸਲ ਅਲਬਰਟ ਇੱਕ ਪੱਬ ਵੀ ਚਲਾਉਂਦਾ ਸੀ। ਜਿੱਥੇ ਜੇਮਸ ਕੋਰਬਿਟ ਉਸ ਦਾ ਨਾ ਸਿਰਫ਼ ਚੰਗਾ ਕਸਟਮਰ ਸੀ ਸਗੋਂ ਦੋਨਾਂ ਦੀ ਕਾਫ਼ੀ ਚੰਗੀ ਮਿੱਤਰਤਾ ਵੀ ਸੀ। ਦੋਨੋਂ ਇੱਕ ਦੂਜੇ ਨੂੰ ਟਿਸ਼ ਤੇ ਟੋਸ਼ ਦੇ ਨਾਮ ਨਾਲ ਬੁਲਾਉਂਦੇ ਸਨ। ਜੇਮਸ ਕੋਰਬਿਟ ਨੂੰ ਆਪਣੀ ਪਤਨੀ ਦੇ ਕਤਲ ਦੇ ਇਲਜ਼ਾਮ ਵਿਚ ਸਾਲ 1953 ਨੂੰ ਅਲਬਰਟ ਨੇ ਫਾਂਸੀ ਉੱਤੇ ਲਟਕਾਇਆ ਸੀ। ਇੱਕ ਸਮਾਂ ਆਇਆ ਜਦੋਂ ਮੌਤ ਦੀ ਸਜ਼ਾ ਦਾ ਵਿਰੋਧ ਇੰਗਲੈਂਡ ਵਿਚ ਕਾਫ਼ੀ ਸਿਖਰ ਉੱਤੇ ਪਹੁੰਚ ਗਿਆ। 1964 ਵਿਚ ਇੰਗਲੈਂਡ ਅੰਦਰ ਆਖ਼ਰੀ ਫਾਂਸੀ ਦਿੱਤੀ ਗਈ। ਇਸ ਤੋਂ ਬਾਅਦ ਲੋਕਾਂ ਨੇ ਇਕੱਠੇ ਹੋ ਕਿ ਫਾਂਸੀ ਦੀ ਸਜ਼ਾ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਤਾਂ ਇਸ ਬਾਰੇ ਸੈਂਕੜੇ ਲੋਕਾਂ ਨੂੰ ਫਾਂਸੀ ਉੱਤੇ ਲਟਕਾਉਣ ਵਾਲੇ ਅਲਬਰਟ ਪਿਅਰੇਪੁਆਇੰਟ ਨੇ ਵੀ ਇਸ ਨਾਲ ਸਹਿਮਤੀ ਪ੍ਰਗਟ ਕੀਤੀ। ਉਸ ਨੇ ਲਿਖਿਆ, ''ਮੈਂ ਇਸ ਸਿੱਟੇ @ਤੇ ਪਹੁੰਚਿਆ ਹਾਂ ਕਿ ਫਾਂਸੀ ਨਾਲ ਕੁੱਝ ਵੀ ਹੱਲ ਨਹੀਂ ਹੁੰਦਾ ਅਤੇ ਇਹ ਸਿਰਫ਼ ਬਦਲਾ ਲੈਣ ਦੀ ਸ਼ੁਰੂਆਤੀ ਇੱਛਾ ਦਾ ਇੱਕ ਪੁਰਾਣਾ ਪ੍ਰਤੀਕ ਹੈ ਤੇ ਇਹ ਬਦਲਾ ਲੈਣ ਦੀ ਜ਼ਿੰਮੇਵਾਰੀ ਦੂਜੇ ਲੋਕਾਂ ਨੂੰ ਸੌਂਪਦਾ ਹੈ@@। ਇਸ ਤੋਂ ਬਾਅਦ ਇੰਗਲੈਂਡ ਦੀ ਪਾਰਲੀਮੈਂਟ ਵਿਚ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਲਈ ਇੱਕ ਕਨੂੰਨ ਪਾਸ ਕੀਤਾ ਗਿਆ।

ਸੈਂਕੜੇ ਲੋਕਾਂ ਨੂੰ ਫਾਂਸੀ ਦੇਣ ਵਾਲੇ ਅਲਬਰਟ ਪਿਅਰੇਪੁਆਇੰਟ ਨੇ 10 ਜੁਲਾਈ 1992 ਨੂੰ ਆਖ਼ਰੀ ਸਾਂਹ ਲਏ। ਐਲਬਰਟ ਦੀ ਜ਼ਿੰਦਗੀ ਉੱਤੇ 30 ਅਕਤੂਬਰ 2007 ਨੂੰ ਇੱਕ ਫ਼ਿਲਮ ਰਿਲੀਜ਼ ਕੀਤੀ ਗਈ। ਇਸ ਫ਼ਿਲਮ ਦਾ ਨਾਮ ਸੀ @ਦਾ ਲਾਸਟ ਹੈਂਗ ਮੈਨ@, ਇਸ ਫ਼ਿਲਮ ਵਿਚ ਅਲਬਰਟ ਦੀ ਜ਼ਿੰਦਗੀ ਬਾਰੇ ਬਾਖ਼ੂਬੀ ਪੇਸ਼ਕਾਰੀ ਕੀਤੀ ਗਈ ਹੈ।






**ਗੁਰਿੰਦਰ ਸਿੰਘ,**
**ਰਿਸਰਚ ਸਕਾਲਰ**
**ਫੋਨ ਨੰਬਰ:**
8872221333
GurinderBE.gs
@gmail.com






# ਮਹਾਨ ਸਿੱਖ ਸ਼ਹੀਦ ਭਾਈ ਫਤਿਹ ਸਿੰਘ

ਬਰਜਿੰਦਰ ਸਿੰਘ ਸਿੱਧੂ
ਪੀਆਈਐਸ (ਰਿਟਾ: )
9888224865





ਸ਼ਹੀਦ ਭਾਈ ਫਤਿਹ ਸਿੰਘ ਜੀ ਸਿੱਖੀ ਸਿਦਕ ਦੇ ਪੱਕੇ, ਮਹਾਨ ਜਰਨੈਲ ਅਤੇ ਸਿੱਖ ਕੌਮ ਦੇ ਪਹਿਲੇ ਗਵਰਨਰ ਹੋਏ ਹਨ। ਆਪ ਜੀ ਦਾ ਜਨਮ ਸਿੱਧੂ ਵੰਸ਼ ਦੇ ਮਹਾਨ ਤੇਜੱਸਵੀ ਭਾਈ ਭਗਤੂ ਜੀ ਦੇ ਖਾਨਦਾਨ ਵਿੱਚ ਹੋਇਆ ਸੀ। ਆਪ ਦੇ ਪੜਦਾਦਾ ਭਾਈ ਭਗਤੂ ਜੀ ਚੌਥੇ ਗੁਰੂ ਰਾਮਦਾਸ ਜੀ ਦੇ ਅਸ਼ੀਰਵਾਦ ਨਾਲ ਪੈਦਾ ਹੋਏ ਸਨ ਅਤੇ ਉਨ੍ਹਾਂ ਨੂੰ ਮਾਤਾ ਭਾਨੀ ਜੀ ਦੀ ਗੋਦ ਦਾ ਨਿੱਘ ਮਾਣਨ ਅਤੇ ਬਚਪਨ ਗੁਰੂ ਅਰਜੁਨ ਜੀ ਨਾਲ ਖੇਡ ਕੇ ਬਿਤਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਗੁਰੂ ਅਰਜੁਨ ਜੀ ਭਗਤੂ ਜੀ ਨੂੰ ਭਰਾ ਸਮਝ ਕੇ ਭਾਈ ਕਹਿ ਕੇ ਪੁਕਾਰਦੇ ਸਨ। ਜਿਸ ਕਾਰਨ ਭਾਈ ਦੀ ਉਪਾਧੀ ਜੁੜ ਕੇ ਆਪਦਾ ਨਾਮ ਭਾਈ ਭਗਤੂ ਪੈ ਗਿਆ ਅੱਜ ਵੀ ਉਨ੍ਹਾਂ ਦੇ ਵੰਸ਼ ਦੇ ਲੋਕ ਆਪਣੇ ਨਾਮ ਨਾਲ ਭਾਈਕਾ ਤਖੱਲਸ ਜੋੜ ਕੇ ਫਖਰ ਮਹਿਸੂਸ ਕਰਦੇ ਹਨ।

ਭਾਈ ਸਾਹਿਬ ਚਾਰ ਭਰਾ ਭਾਈ ਰਾਮ ਸਿੰਘ, ਭਾਈ ਫਤਿਹ ਸਿੰਘ, ਭਾਈ ਬਖਤੂ ਸਿੰਘ ਅਤੇ ਭਾਈ ਤਖਤੂ ਸਿੰਘ ਸਨ। ਜਿੰਨ੍ਹਾਂ ਦੇ ਨਾਮ ਤੇ ਬਠਿੰਡਾ ਜ਼ਿਲ੍ਹੇ ਵਿੱਚ ਤਿੰਨ ਪਿੰਡ ਚੱਕ ਬਖਤੂ, ਚੱਕ ਰਾਮ ਸਿੰਘ ਵਾਲਾ ਅਤੇ ਚੱਕ ਫਤਿਹ ਸਿੰਘ ਵਾਲਾ ਵਸੇ ਹੋਏ ਹਨ। ਭਾਈ ਤਖਤੂ ਸਿੰਘ ਜੀ ਦੇ ਕੋਈ ਔਲਾਦ ਨਹੀਜ਼ ਸੀ। ਆਪ ਦਾ ਖਾਨਦਾਨ ਚੌਥੇ ਗੁਰੂ ਜੀ ਵੇਲੇ ਤੋਜ਼ ਗੁਰੂ ਪ੍ਰੀਵਾਰਾਂ ਨਾਲ ਜੁੜਿਆ ਹੋਇਆ ਸੀ ਜਿਸਦਾ ਸ਼ਾਨਾਂਮੱਤਾ ਇਤਿਹਾਸ ਹੈ। ਆਪ ਦੇ ਵੰ ਵਿੱਚੋਜ਼ ਰਾਜਾ ਉਦੈ ਸਿੰਘ ਨੇ ਜੀਜ਼ਦ ਰਿਆਸਤ ਤੇ ਰਾਜ ਕੀਤਾ ਹੈ।

ਜਿਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਪਹੁੰਚੇ ਤਾਂ ਉਸ ਸਮੇਜ਼ ਚਾਰੇ ਭਰਾ ਚੱਕ ਫਤਿਹ ਸਿੰਘ ਵਾਲਾ ਵਿਖੇ ਰਹਿੰਦੇ ਸਨ। ਗੁਰੂ ਜੀ ਦਾ ਆਗਮਨ ਸੁਣ ਕੇ ਭਾਈ ਰਾਮ ਸਿੰਘ ਅਤੇ ਫਤਿਹ ਸਿੰਘ ਦਰਨਾਂ ਲਈ ਉਨ੍ਹਾਂ ਪਾਸ ਪਹੁੰਚੇ ਅਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਉਚੇਚਾ ਸਨਮਾਨ ਦਿੱਤਾ ਅਤੇ ਦੋਵੇਜ਼ ਭਰਾ ਗੁਰੂ ਜੀ ਦੇ ਹੱਥੋਜ਼ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਜਦੋ ਵਾਪਿਸ ਮੁੜਣ ਲੱਗੇ ਤਾਂ ਗੁਰੂ ਸਾਹਿਬ ਨੇ ਕਿਹਾ ਕਿ ""ਭਾਈ ਕਿਓ"" ( ਭਾਈ ਭਗਤੂ ਦੇ ਖਾਨਦਾਨ ਦੇ ਵਾਰਸੋ ) ਅਸੀ ਤੁਹਾਡੇ ਪਿੰਡ ਤੁਹਾਡੇ ਪ੍ਰੀਵਾਰ ਨੂੰ ਮਿਲਣ ਆਵਾਂਗੇ। ਇਹ ਸੁਣ ਕੇ ਸਾਰੇ ਭਰਾ ਅੰਦਰੋ ਤਾਂ ਖੁਸ਼ ਹੋਏ ਪਰ ਉਸ ਸਮੇ ਗਰਮੀ ਅਤੇ ਗੁਰੂ ਸਹਿਬ ਦੇ ਰਹਿਣ ਲਾਇਕ ਸਾਧਨ ਨਾਂ ਹੋਣ ਕਰਕੇ ਘਬਰਾ ਗਏ ਅਤੇ ਗੁਰੂ ਸਾਹਿਬ ਨੂੰ ਨਾਂ ਆਉਣ ਲਈ ਬੇਨਤੀ ਕਰਨ ਲੱਗੇ। ਅਜੀਬ ਹਾਲਤ ਵੇਖੋ, ਗੁਰੂ ਸਾਹਿਬ ਕਿਸੇ ਦੇ ਘਰ ਮਹਿਮਾਨ ਬਣ ਕੇ ਆਉਣਾ ਚਾਹੁੰਦੇ ਹਨ ਪਰ ਮੇਜ਼ਬਾਨ ਮਨ੍ਹਾਂ ਕਰ ਰਹੇ ਹਨ। ਪਰ ਗੁਰੂ ਜੀ ਨੇ ਉਨ੍ਹਾਂ ਦੀ ਮਨੋਦਸ਼ਾ ਨੂੰ ਸਮਝਦੇ ਹੋਏ ਹੁਕਮ ਕੀਤਾ ਕਿ ਜਾਓ ਅਤੇ ਤਿਆਰੀ ਕਰੋ ਅਸੀ ਪ੍ਰੀਵਾਰ ਸਮੇਤ ਆਪ ਦੇ ਘਰ ਮਿਲਣ ਆਵਾਂਗੇ।

ਪਿੰਡ ਆ ਕੇ ਸਾਰੇ ਭਰਾ ਅਤੇ ਨਗਰਵਾਸੀ ਤਿਆਰੀ ਵਿੱਚ ਜੁਟ ਗਏ। ਭਾਈ ਫਤਿਹ ਸਿੰਘ ਨੇ ਪਿੰਡ ਦੇ ਬਾਹਰ ਛੱਪੜ ਕਿਨਾਰੇ ਨਿਵੇਕਲੀ ਥਾਵੇ ਕਾਨਿਆਂ ਅਤੇ ਕਰੀਰਾਂ ਦਾ ਢਾਂਚਾ ਖੜ੍ਹਾ ਕਰਕੇ ਉਸ ਨੂੰ ਸਰਕੰਡੇ ਨਾਲ ਢੱਕ ਕੇ ਅਤੇ ਹੇਠਾਂ ਕੱਕਾ ਰੇਤ ਵਿਛਾ ਕੇ ਗੁਰੂ ਜੀ ਦੇ ਬੈਠਣ ਲਈ ਇੱਕ ਕੁੱਲੀਨੁਮਾ ਮਹਿਲ ਤਿਆਰ ਕਰ ਦਿੱਤਾ ਅਤੇ ਗੁਰੂ ਜੀ ਦੇ ਬੈਠਣ ਲਈ ਇੱਕ ਸੁੰਦਰ ਪਲੰਘ ਵਿਛਾ ਦਿੱਤਾ।

ਅਠਾਰਾਂ ਜੇਠ 1706 ਨੂੰ ਗੁਰੂ ਗੋਬਿੰਦ ਸਿੰਘ ਜੀ ਮਾਤਾ ਸਾਹਿਬ ਕੌਰ ਅਤੇ ਮਾਤਾ ਜੀਤ ਕੌਰ ਸਮੇਤ ਚੱਕ ਫਤਿਹ ਸਿੰਘ ਵਾਲਾ ਵਿਖੇ ਪਹੁੰਚ ਗਏ ।ਦੂਰੋ ਦੂਰੋ ਸੰਗਤ ਦਰਸ਼ਨਾਂ ਲਈ ਆਉਣ ਲੱਗੀਆਂ। ਦਿਨ ਵੇਲੇ ਗੁਰੂ ਸਾਹਿਬ ਇਸ ਕੁੱਲੀਨੁਮਾ ਮਹਿਲ ਚ ਬੈਠ ਕੇ ਸੰਗਤਾਂ ਨੂੰ ਦਰਸ਼ਨ ਦੇਣ ਲੱਗੇ। ਭਾਈ ਫਤਿਹ ਸਿੰਘ ਨੇ ਗਰਮੀ ਵੇਖਦੇ ਹੋਏ ਸਰਕੰਡੇ ਅਤੇ ਕੱਕੇ ਰੇਤੇ ਉਪਰ ਪਾਣੀ ਛਿੜਕ ਦਿੱਤਾ ਜਿਸ ਨਾਲ ਜੇਠ ਦੀ ਤਪਦੀ ਲੂਅ ਵੀ ਠੰਡੀ ਠਾਰ ਹੋ ਕੇ ਅੰਦਰ ਲੰਘਦੀ ਹੋਈ ਗੁਰੂ ਜੀ ਨੂੰ ਅਨੰਦ ਦੇ ਰਹੀ ਸੀ। ਇਸ ਖੁਸ਼ਨੁਮਾਂ ਮਹੌਲ ਤੋਜ਼ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਖ਼ੁਰਮਾਇਆ ਕਿ ਭਾਈ ਖ਼ਤਿਹ ਸਿੰਘ ਤੁਸੀ ਤਾਂ ਕਹਿੰਦੇ ਸੀ ਕਿ ਤਹਾਡੇ ਪਿੰਡ ਗਰਮ ਲੂ ਚੱਲਦੀ ਹੈ ਪਰ ਇੱਥੇ ਤਾਂ ਪਾਉਟਾ ਸਾਹਿਬ ਵਰਗੀ ਠੰਡੀ ਹਵਾ ਚੱਲ ਰਹੀ ਹੈ। ਇਹ ਥਾਂ ਪਾਉਟਾ ਸਾਹਿਬ ਵਾਂਗ ਹੀ ਸ਼ੀਤਲ ਜਾਪ ਰਿਹਾ ਹੈ ।ਇਸ ਤਰ੍ਹਾਂ ਗੁਰੂ ਜੀ ਨੇ ਇਸ ਜਗ੍ਹਾ ਨੂੰ ਪਾਉਟਾ ਸਾਹਿਬ ਦਾ ਵਰ ਦਿੱਤਾ। ਇਸ ਜਗ੍ਹਾ ਸੁੰਦਰ ਗੁਰਦਵਾਰਾ ਸਾਹਿਬ ਬਣਿਆ ਹੈ ।ਅਤੇ ਨਾਲ ਹੀ ਬਾਬਾ ਜੀ ਦੀ ਯਾਦ ਚ ਬਣੀ ਬਹੁਤ ਸੁੰਦਰ ਪਾਰਕ ਹੈ।

ਰਾਤ ਸਮੇ ਗੁਰੂ ਸਾਹਿਬ ਅਤੇ ਦੋਵੇ ਮਾਤਾਵਾਂ ਪਿੰਡ ਦੇ ਅੰਦਰ ਭਾਈਆਂ ਦੇ ਘਰ ਠਹਿਰਦੇ ਸਨ। ਗੁਰੂ ਜੀ ਜਿਸ ਕੱਚੇ ਘਰ ਚ ਰਹਿੰਦੇ ਸਨ ਉਸ ਦੀ ਛੱਤ ਕਾਠ ਦੀ ਬਣੀ ਹੋਈ ਹੈ, ਉਹ ਅੱਜ ਵੀ ਉਸੇ ਹਾਲਤ ਵਿੱਚ ਕਾਇਮ ਹੈ। ਇਹ ਦੁਨੀਆਂ ਦੀ ਸਿੱਖ ਇਤਿਹਾਸ ਨਾਲ ਸਬੰਧਤ ਇੱਕੋ ਇੱਕ ਮੂਲ ਰੂਪ ਵਿੱਚ ਬਚੀ ਇਮਾਰਤ ਹੈ। ਜਿਸ ਨੂੰ ਪਿੰਡ ਦੇ ਲੋਕ ਬਾਬੇ ਦਾ ਬੁਰਜ ਜਾਂ ਮਾਤਾ ਦੇਸਾਂ ਦਾ ਬੁਰਜ ਕਹਿੰਦੇ ਹਨ। ਇਸ ਅਸਥਾਨ ਤੇ ਗੁਰੂ ਸਾਹਿਬ ਦੀ ਪਵਿੱਤਰ ਦਸਤਾਰ ਅਤੇ ਮਾਤਾ ਜੀ ਦੇ ਵਸਤਰਾਂ ਸਮੇਤ ਹੋਰ ਨਿਸ਼ਾਨੀਆਂ ਅੱਜ ਵੀ ਮੌਜੂਦੇ ਹਨ ਅਤੇ ਦੂਰ ਦੁਰਾਡੇ ਤੋ ਸੰਗਤਾਂ ਦਰਨਾਂ ਲਈ ਆਉਦੀਆਂ ਹਨ।

ਇਸ ਤਰ੍ਹਾਂ ਗੁਰੂ ਸਹਿਬ 09 (ਨੌ) ਦਿਨ ਭਾਈਆਂ ਦੇ ਘਰ ਰਹਿ ਕੇ ਵਾਪਿਸ ਤਲਵੰਡੀ ਸਾਬੋ ਅਤੇ ਅੱਗੇ ਦੱਖਣ ਵੱਲ ਨੰਦੇੜ ਸਾਹਿਬ ਵੱਲ ਰਵਾਂਨਾ ਹੋ ਗਏ ਭਾਈ ਫਤਿਹ ਸਿੰਘ ਝੋਰੜ ਤੋ ਅੱਗੇ ਝੰਡੇ ਪਿੰਡ ਤੱਕ ਉਨ੍ਹਾਂ ਦੇ ਨਾਲ ਗਏ ।ਵਾਪਿਸ ਆ ਕੇ ਉਹ ਕੁੱਝ ਸਮਾਂ ਤਖਤ ਦਮਦਮਾਂ ਸਾਹਿਬ ਦੇ ਕਾਰਜਕਾਰੀ ਜਥੇਦਾਰ ਵੀ ਰਹੇ। ( ਗੁਰੂ ਸਹਿਬ ਦੇ ਇਸ ਨਗਰ ਵਿੱਚ ਆਉਣ ਦੀ ਯਾਦ ਵਿੱਚ ਪੁਰਾਤਨ ਸਮੇ ਤੋ ਹਰ ਸਾਲ ਅਠਾਰਾਂ ਤੋ ਵੀਹ ਜੇਠ ਤੱਕ ਮੇਲਾ ਲੱਗਦਾ ਹੈ।) ਇਸ ਤਰ੍ਹਾਂ ਭਾਈ ਫਤਿਹ ਸਿੰਘ ਦੇ ਪ੍ਰੀਵਾਰ ਦਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੀਵਾਰ ਨਾਲ ਪਿਆਰ ਅਤੇ ਅਪਣੱਤ ਭਰਿਆ ਸਬੰਧ ਸੀ।

ਜਿਸ ਸਮੇ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਹਜੂਰ ਸਾਹਿਬ ਤੋ ਪੰਜਾਬ ਵੱਲ ਤੋਰਿਆ ਤਾਂ ਜਿੰਨ੍ਹਾਂ ਪੰਜ ਸਿੰਘਾਂ ਦੇ ਨਾਮ ਸੰਗਠਨ ਕਾਇਮ ਕਰਨ ਲਈ ਦਿੱਤੇ ਉਨ੍ਹਾਂ ਵਿੱਚੋ ਭਾਈ ਫਤਿਹ ਸਿੰਘ ਦਾ ਨਾਮ ਪ੍ਰਮੁੱਖ ਸੀ ਦੂਜੇ ਸਿੰਘਾਂ ਦੇ ਨਾਮ ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ ਭਾਈ ਰਾਮ ਸਿੰਘ ਅਤੇ ਭਾਈ ਬਾਜ਼ ਸਿੰਘ ਸਨ। ਇਨ੍ਹਾਂ ਪੰਜ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਖਾਲਸਾ ਫੌਜ ਤਿਆਰ ਕੀਤੀ ਜਿਸਦੇ ਜਰਨੈਲ ਇਹ ਪੰਜ ਸਿੰਘ ਸਨ। ਬਾਬਾ ਬੰਦਾ ਸਿੰਘ ਨੇ ਮੁਗਲ ਹਕੂਮਤ ਨੂੰ ਲਲਕਾਰਦੇ ਹੋਏ 1709 ਵਿੱਚ ਸਢੌਰੇ ਅਤੇ ਸਮਾਨੇ ( ਜੋ ਮੁਗਲਾਂ ਦਾ ਗੜ੍ਹ ਸਨ ਅਤੇ ਇੱਥੇ ਨਵਾਬ ਅਤੇ ਜ਼ੱਲਾਦ ਰਹਿੰਦੇ ਸਨ ) ਤੇ ਹਮਲਾ ਬੋਲ ਦਿੱਤਾ ।ਇਸ ਯੁੱਧ ਵਿੱਚ ਭਾਈ ਖ਼ਤਿਹ ਸਿੰਘ ਨੇ ਵਿਉਜ਼ਤ ਬਣਾਈ ਕਿ ਨਵਾਬਾਂ ਨੂੰ ਉਨ੍ਹਾਂ ਦੀਆ ਹਵੇਲੀਆਂ ਦੇ ਅੰਦਰ ਹੀ ਘੇਰ ਲਿਆ ਜਾਵੇ ਅਤੇ ਇਕੱਠੇ ਹੋ ਕੇ ਲੜਣ ਦਾ ਮੌਕਾ ਹੀ ਨਾ ਦਿੱਤਾ ਜਾਵੇ। ਇਹ ਸਕੀਮ ਕਾਮਯਾਬ ਰਹੀ ਅਤੇ ਖਾਲਸੇ ਨੇ ਜਿੱਤ ਦੇ ਝੰਡੇ ਗੱਡ ਦਿੱਤੇ ।ਛੋਟੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਸ਼ਾਸਲ ਬੇਗ, ਬਾਲ ਬੇਗ ਅਤੇ ਗੁਰੂ ਤੇਗ ਬਹਾਦਰ ਜੀ ਗ਼ ਚਾਂਦਨੀ ਚੌਜ਼ਕ ਵਿੱਚ ਹੀਦ ਕਰਨ ਵਾਲਾ ਜੱਲਾਦ ਜਲਾਲੂਦੀਨ ਵੀ ਇਸੇ ਸ਼ਹਿਰ ਦੇ ਰਹਿਣ ਵਾਲ ਸਨ। ਸ਼ਾਸਲ ਬੇਗ ਅਤੇ ਬਾਲ ਬੇਗ ਸਿੰਘਾਂ ਹੱਥੋ ਮਾਰੇ ਗਏ ਪਰ ਗੁਰੂ ਤੇਗ ਬਹਾਦੁਰ ਜੀ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਜਲਾਲੂਦੀਨ ਨੂੰ ਭਾਈ ਫਤਿਹ ਸਿੰਘ ਨੇ ਆਪਣੇ ਹੱਥੀ ਉਸੇ ਤਰ੍ਹਾਂ ਉਸਦਾ ਸਿਰ ਵੱਢ ਕੇ ਨੌਵੇ ਗੁਰੂ ਜੀ ਦਾ ਬਦਲਾ ਲਿਆ ।ਇਸ ਜੰਗ ਵਿੱਚ ਭਾਈ ਫਤਿਹ ਸਿੰਘ ਦੀ ਸੂਝ ਬੂਝ ਅਤੇ ਬਹਾਦਰੀ ਨੂੰ ਵੇਖਦੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੂੰ ਨਵੰਬਰ 1709 ਵਿੱਚ ਸਮਾਨੇ ਦਾ ਸੂਬੇਦਾਰ ( ਗਵਰਨਰ ) ਥਾਪ ਦਿੱਤਾ। ਜੋ ਸਿੱਖ ਰਾਜ ਦਾ ਪਹਿਲਾ ਗਵਰਨਰ ਸੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਵੱਲ ਕੂਚ ਕਰ ਦਿੱਤਾ। ਸਰਹਿੰਦ ਦੇ ਸੂਬੇਦਾਰ ਵਜੀਦ ਖਾਨ ( ਜਿਸਨੇ ਛੋਟੇ ਸਾਹਿਬਜਾਦਿਆਂ ਨੂੰ ਨੀਹਾਂ ਚ ਚਿਣਵਾ ਕੇ ਸ਼ਹੀਦ ਕਰਵਾਇਆ ਸੀ ) ਸਿੱਖ ਫ਼ੌਗਾਂ ਨੂੰ ਰੋਕਣ ਲਈ ਅੱਗੇ ਵਧਿਆ ਅਤੇ ਚੱਪੜ ਚਿੜੀ ਦੇ ਅਸਥਾਨ ਤੇ ਦੋਵੇ ਫੌਜਾਂ ਦਾ ਸਾਹਮਣ੍ਹਾ ਹੋ ਗਿਆ। ਭਾਈ ਫਤਿਹ ਸਿੰਘ ਨੂੰ ਖਬਰ ਮਿਲੀ ਤਾਂ ਉਹ ਵੀ ਸਮਾਨੇ ਤੋ ਆਪਣੀ ਫੌਜ ਲੈ ਕੇ ਆ ਮਿਲੇ ਬਾਕੀ ਜਰਨੈਲ ਵੀ ਮੌਜੂਦ ਸਨ ਅਤੇ ਗਹਿਗੱਚ ਲੜਾਈ ਸ਼ੁਰੂ ਹੋਈ। ਬਾਬਾ ਬੰਦਾ ਸਿੰਘ ਬਹਾਦਰ ਉੱਚੀ ਥਾਂ ਤੇ ਖੜ੍ਹ ਕੇ ਅਗਵਾਈ ਕਰ ਰਹੇ ਸਨ। ਮੁਗਲ ਫੌਜ ਨੇ ਚਲਾਕੀ ਨਾਲ ਆਪਣੇ ਕੁੱਝ ਫੌਜੀ ਦੀਵਾਨ ਸੁੱਚਾ ਨੰਦ ਦੇ ਭਤੀਜੇ ਦੀ ਕਮਾਂਡ ਹੇਠ ਸਿੱਖ ਫੌਜ ਵਿੱਚ ਵਾੜ ਦਿੱਤੇ ਸਨ। 12 ਮਈ 1710 ਨੂੰ ਜਦੋ ਲੜਾਈ ਸਿਖਰ ਤੇ ਸੀ ਤਾਂ ਸਿੱਖ ਫੌਗ ਦੇ ਹੌਂਲੇ ਪਤ ਕਰਨ ਲਈ ਇਹ ਨਕਲੀ ਸਿਪਾਹੀ ਇਹ ਰੌਲਾ ਪਾਉਦੇ ਹੋਏ ਮੈਦਾਨ ਚੋ ਭੱਜ ਨਿੱਕਲੇ ਕਿ ਮੁਗਲ ਫੌਗ ਭਾਰੀ ਪੈ ਗਈ ਹੈ ਪਰੰਤੂ ਸਿੱਖ ਜਰਨੈਲਾਂ ਦੀ ਬਾਜ਼ ਅੱਖ ਇੰਨ੍ਹਾਂ ਨੂੰ ਪਹਿਲਾਂ ਹੀ ਵੇਖ ਰਹੀ ਸੀ ਅਤੇ ਉਹ ਖੁਦ ਅੱਗੇ ਆ ਕੇ ਲੜਣ ਲੱਗੇ। ਬਾਬਾ ਬੰਦਾ ਸਿੰਘ ਬਹਾਦਰ ਵੀ ਮੈਦਾਨ ਵਿੱਚ ਆ ਗਏ ਮੁਗਲ ਫੌਜ ਪਿੱਛੇ ਹਟਦੀ ਵੇਖ ਵਜੀਦ ਖਾਨ ਵੀ ਮਜਬੂਰ ਹੋ ਕੇ ਮੈਦਾਨ ਵਿੱਚ ਆ ਗਿਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਮੁਕਾਬਲਾ ਕਰਨ ਲੱਗਾ। ਜਦੋ ਵਜੀਦ ਖਾਂ ਬਾਬਾ ਬੰਦਾ ਸਿੰਘ ਬਹਾਦਰ ਤੇ ਹਮਲਾ ਕਰਨ ਲਈ ਵਧਿਆ ਤਾਂ ਭਾਈ ਬਾਜ ਸਿੰਘ ਨੇ ਉਸਦੇ ਘੋੜੇ ਦੇ ਮੱਥੇ ਵਿੱਚ ਨੇਜਾ ਮਾਰਿਆ ਜਦੋ ਵਜ਼ੀਦ ਖਾਂ ਭਾਈ ਬਾਜ਼ ਸਿੰਘ ਤੇ ਵਾਰ ਕਰਨ ਲੱਗਾ ਤਾਂ ਭਾਈ ਫਤਿਹ ਸਿੰਘ ਨੇ ਬਿਜਲੀ ਵਰਗੀ ਫੁਰਤੀ ਨਾਲ ਵਜੀਦ ਖਾਂ ਉਪਰ ਤਲਵਾਰ ਨਾਲ ਅਜਿਹਾ ਵਾਰ ਕੀਤਾ ਕਿ ਭਾਈ ਫਤਿਹ ਸਿੰਘ ਦੀ ਤਲਵਾਰ ਵਜੀਦ ਖਾਂ ਦੀ ਧੌਣ ਨੂੰ ਚੀਰਦੀ ਹੋਈ ਲੱਕ ਤੱਕ ਪਹੁੰਚ ਗਈ ਅਤੇ ਸੂਬੇ ਨੂੰ ਦੂਜਾ ਸਾਹ ਲੈਣ ਦਾ ਮੌਕਾ ਨਾਂ ਮਿਲਿਆ। ਉਸ ਦੀ ਲਾਸ਼ ਧੜੰਮ ਕਰਕੇ ਧਰਤੀ ਤੇ ਜਾ ਡਿੱਗੀ ਅਤੇ ਮੁਗਲਾਂ ਵਿੱਚ ਹਫੜਾਦਫੜੀ ਮੱਚ ਗਈ ।ਜਦੋ ਵਜੀਦ ਖਾਂ ਮਰਿਆ ਗਿਆ ਤਾਂ ਮੁਗਲਾਂ ਨੇ ਹਾਰ ਮੰਨ ਲਈ। ਇਸ ਤਰ੍ਹਾਂ ਵਜੀਦ ਖਾਂ ਨੂੰ ਮਾਰ ਕੇ ਭਾਈ ਫਤਿਹ ਸਿੰਘ ਨੇ ਸਰਹਿੰਦ ਫਤਿਹ ਦਾ ਮੁੱਢ ਬੰਨ੍ਹ ਦਿੱਤਾ ਅਤੇ ਸਾਹਿਬਜਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ। ਅਕਾਲੀ ਸਰਕਾਰ ਸਮੇ ਚੱਪੜ ਚਿੜੀ ਵਿੱਚ ਬਣੀ ਯਾਦਗਰ ਵਿੱਚ ਸੁਸ਼ੋਭਤ ਭਾਈ ਫਤਿਹ ਸਿੰਘ ਦਾ ਬੁੱਤ ਇਸ ਗੱਲ ਦੀ ਗਵਾਹੀ ਭਰਦਾ ਹੈ ।ਸਰਹਿੰਦ ਦੀ ਲੜਾਈ ਵਿੱਚ ਮੁਗਲਾਂ ਦੇ ਖਜ਼ਾਨੇ ਚੋ ਲੁੱਟੇ ਗਏ ਪੈਸੇ ਨਾਲ ਚੱਕ ਫਤਿਹ ਸਿੰਘ ਵਾਲਾ ਵਿੱਚ ਪੀਣ ਵਾਲਾ ਪਾਣੀ ਕੱਢਣ ਲਈ ਬਣਾਏ ਗਏ ਤਿੰਨ ਪੱਕੇ ਖੂਹ ਅੱਜ ਵੀ ਮੌਜੂਦ ਹਨ। ਇਸ ਤਰ੍ਹਾਂ ਭਾਈ ਫਤਿਹ ਸਿੰਘ ਦੇ ਕਾਰਨਾਮੇ ਸਦਕਾ ਖਾਲਸਾ ਫੌਜ ਨੇ 14 ਮਈ 1710 ਨੂੰ ਸਰਹਿੰਦ ਉਪਰ ਖਾਲਸਾਈ ਨਿਸ਼ਾਨ ਸਾਹਿਬ ਝੁਲਾ ਕੇ ਸਿੱਖ ਰਾਜ ਕਾਇਮ ਕਰ ਲਿਆ। ਅਖੀਰ 1716 ਵਿੱਚ ਗੜ੍ਹੀ ਨੰਗਲ ਦੀ ਲੜਾਈ ਵਿੱਚ ਮੁਗਲਾਂ ਵੱਲੋ ਬਾਬਾ ਬੰਦਾ ਸਿੰਘ ਬਹਾਦਰ, ਭਾਈ ਫਤਿਹ ਸਿੰਘ ਅਤੇ ਸੱਤ ਸੌ ਦੇ ਕਰੀਬ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਕਾਫਲੇ ਦੇ ਰੂਪ ਵਿੱਚ ਦਿੱਲੀ ਲਿਜਾਇਆ ਗਿਆ। ਕਾਫਲੇ ਵਿੱਚ ਸਭ ਤੇ ਮੂਹਰੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਜ਼ਰੇ ਵਿੱਚ ਬੰਨ੍ਹ ਕੇ ਹਾਥੀ ਉਪਰ ਬਿਠਾਇਆ ਹੋਇਆ ਸੀ ਅਤੇ ਪਿੱਛੇ ਭਾਈ ਫਤਿਹ ਸਿੰਘ ਸਮੇਤ ਬਾਕੀ ਸਿੰਘਾਂ ਨੂੰ ਮੁਕਾਂ ਬੰਨ੍ਹ ਕੇ ਗੱਡਿਆਂ ਵਿੱਚ ਭੁੱਖੇ ਤਿਹਾਏ ਲੱਦਿਆ ਹੋਇਆ ਸੀ। ਰਾਹ ਵਿੱਚ ਖੜ੍ਹੀ ਤਮਾਸ਼ਬੀਨਾਂ ਦੀ ਭੀੜ ਹਕੂਮਤ ਦੀ ਸ਼ਹਿ ਤੇ ਸਿੰਘਾਂ ਦੇ ਮੂੰਹ ਤੇ ਥੁੱਕ ਰਹੀ ਸੀ ਅਤੇ ਪੱਥਰ ਮਾਰ ਰਹੀ ਸੀ। ਇਸ ਤਸੀਹਿਆਂ ਭਰੇ ਸਫਰ ਬਾਅਦ ਸਿੰਘਾਂ ਨੂੰ ਜੇਠ ਹਾੜ੍ਹ ਦੀ ਗਰਮੀ ਵਿੱਚ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਕਾਲ ਕੋਠੜੀਆਂ ਵਿੱਚ ਕੈਦ ਕਰ ਦਿੱਤਾ ਅਤੇ ਇਸਲਾਮ ਕਬੂਲ ਕਰਨ ਲਈ ਕਿਹਾ ।ਸਿੰਘਾਂ ਵੱਲੋ ਨਾਂਹ ਕਰਨ ਤੇ ਹਰ ਰੋਜ ਵੀਹ ਵੀਹ ਸਿੰਘਾਂ ਨੂੰ ਕਤਲ ਕਰਕੇ ਕਿਲ੍ਹੇ ਦੀ ਫਸੀਲ ਤੋਜ਼ ਹੇਠਾਂ ਸੁੱਟ ਦਿੱਤਾ ਜਾਂਦਾ ਸੀ ।ਆਖਰ 25 ਜੂਨ ( ਕਈ ਇਤਿਹਾਸਕਾਰਾਂ ਅਨੁਸਾਰ 09 ਜੂਨ ) 1716 ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਭਾਈ ਫਤਿਹ ਸਿੰਘ ਸਮੇਤ ਬਚੇ ਜਰਨੈਲਾਂ ਨੂੰ ਇਸਲਾਮ ਕਬੂਲ ਨਾਂ ਕਰਨ ਕਰਕੇ ਕੁਤਬ ਮੀਨਾਰ ਕੋਲ ਲਿਜਾ ਕੇ ਪਹਿਲਾਂ ਜ਼ਰਨੈਲਾਂ ਦੇ ਸਿਰ ਵੱਢ ਕੇ ਸ਼ਹੀਦ ਕਰ ਦਿੱਤਾ ਉਨ੍ਹਾਂ ਦੇ ਸਿਰ ਨੇਜ਼ਿਆਂ ਉਪਰ ਟੰਗ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਦਵਾਲੇ ਖੜ੍ਹੇ ਕਰ ਦਿੱਤੇ ਗਏ ਅਤੇ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਮਾਸੂਮ ਪੁੱਤਰ ਨੂੰ ਘਿਣਾਉਣੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ।ਗੁਰੂ ਗੋਬਿੰਦ ਸਿੰਘ ਦੇ ਪਿਆਰੇ ਅਤੇ ਸਿੱਖੀ ਸਿਦਕ ਦੇ ਪੱਕੇ ਭਾਈ ਫਤਿਹ ਸਿੰਘ ਦੇ ਜੱਦੀ ਪਿੰਡ ਚੱਕ ਫਤਿਹ ਸਿੰਘ ਵਾਲਾ ਵਿਖੇ ਹਰ ਸਾਲ 25 ਜੂਨ ਨੂੰ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

# ਇੱਕ ਬਾਘਾ ਮੱਲਕਿਆਂ ਦਾ ਜੱਫ਼ੇ ਲਾਉਂਦਾ ਗਰਮੀ ਖਾ ਕੇ—

## ਮਾਲਵੇ ਦਾ ਥੰਮ੍ਹ ਜਾਫ਼ੀ — ਬਾਘਾ ਮੱਲਕਿਆਂ ਵਾਲਾ



ਜਗਤਾਰ ਸਮਾਲਸਰ,
ਏਲਨਾਬਾਦ, ਸਿਰਸਾ
(ਹਰਿਆਣਾ)
ਸੰਪਰਕ—94670-95953

ਮਾਲਵੇ ਦੇ ਮਸ਼ਹੂਰ ਪਿੰਡ ਮੱਲਕੇ (ਮੋਗਾ ) ਨੂੰ ਇਹ ਮਾਣ ਹਾਸਲ ਹੈ ਕਿ ਇਸ ਪਿੰਡ ਨੇ ਜਿੱਥੇ ਮਰਹੂਮ ਰਾਜ ਬਰਾੜ ਅਤੇ ਮੱਖਣ ਬਰਾੜ ਵਰਗੇ ਸੁਲਝੇ ਹੋਏ ਗਾਇਕ ਅਤੇ ਗੀਤਕਾਰ ਪੈਦਾ ਕੀਤੇ ਹਨ ਉੱਥੇ ਹੀ ਕਬੱਡੀ ਦੇ ਖੇਤਰ ਵਿੱਚ ਬਾਘੇ ਮੱਲਕਿਆਂ ਵਾਲੇ ਨੇ ਆਪਣੇ ਪਿੰਡ ਦੀ ਪਹਿਚਾਣ ਦੁਨੀਆ ਦੇ ਨਕਸ਼ੇ ਤੇ ਸਥਾਪਿਤ ਕੀਤੀ ਹੈ। 15 ਦਸੰਬਰ 1964 ਨੂੰ ਪਿਤਾ ਸਰਦਾਰ ਮੁਖਤਿਆਰ ਸਿੰਘ ਦੇ ਘਰ ਮਾਤਾ ਬਲਵੰਤ ਕੌਰ ਦੀ ਕੁੱਖੋਂ ਜਨਮਿਆ ਬਾਘਾ ਮੱਲਕੇ ਆਪਣੇ ਚਾਰ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟਾ ਹੈ। ਬਾਘੇ ਨੂੰ ਕਬੱਡੀ ਖੇਡਣ ਦਾ ਸ਼ੌਕ ਬਚਪਨ ਵਿੱਚ ਹੀ ਆਪਣੇ ਆਸਪਾਸ ਦੇ ਪਿੰਡਾਂ ਲੰਡਿਆਂ ਦੇ ਮਸ਼ਹੂਰ ਕਬੱਡੀ ਖਿਡਾਰੀ ਪੂਰਨ ਲੰਡੇ ਅਤੇ ਸੀਰਾ ਭਿੰਡਰਾ ਵਾਲੇ ਆਦਿ ਖਿਡਾਰੀਆਂ ਨੂੰ ਵੇਖਕੇ ਲੱਗਾ।

ਉਸਦੀ ਦੀ ਤਮੰਨਾ ਸੀ ਕਿ ਇੱਕ ਦਿਨ ਉਸਦਾ ਨਾਮ ਵੀ ਇਨ੍ਹਾਂ ਕਬੱਡੀ ਖਿਡਾਰੀਆਂ ਵਾਂਗ ਖੇਡ ਗਰਾਂਉਡਾਂ ਵਿੱਚ ਬੋਲੇ। ਉਸਨੇ ਇਸੇ ਗੱਲ ਨੂੰ ਆਪਣਾ ਨਿਸ਼ਾਨਾ ਬਣਾਇਆ ਅਤੇ ਸਖ਼ਤ ਮਿਹਨਤ ਨਾਲ ਆਪਣੇ ਮੁਕਾਮ ਤੇ ਪਹੁੰਚਿਆ। ਅੱਜ ਉਸਦਾ ਸੁਪਨਾ ਸੱਚ ਹੋ ਨਿਬੜਿਆ ਹੈ।

ਭਾਵੇ ਸੰਨ 1997 ਤੋਂ ਬਾਅਦ ਉਸਨੇ ਮਾਂ ਖੇਡ ਕਬੱਡੀ ਨੂੰ ਅਲਵਿਦਾ ਆਖ ਦਿੱਤਾ ਹੈ ਪਰ ਅੱਜ ਵੀ ਜਦੋਂ ਪੰਜਾਬ ਵਿੱਚ ਹੁੰਦੇ ਖੇਡ ਮੇਲਿਆਂ ਵਿੱਚ ਕੁਮੈਂਟਰੀ ਕਰਨ ਵਾਲੇ ਸੱਜਣ ' ਇੱਕ ਬਾਘਾ ਮੱਲਕਿਆਂ ਦਾ ਜੱਫ਼ੇ ਲਾਉਦਾ ਗਰਮੀ ਖਾ ਕੇ ,ਸਿੰਗ ਫਸਗੇ ਕੁੰਡੀਆਂ ਦੇ ਮਿੱਤਰਾਂ ਬਹਿਜਾ ਗੋਡੀ ਲਾਕੇ' ਸ਼ੇਅਰ ਨੂੰ ਵਾਰ-ਵਾਰ ਬੋਲਦੇ ਹਨ ਤਾਂ ਇਹ ਸ਼ੇਅਰ ਬਾਘੇ ਦੀ ਖੇਡ ਕਬੱਡੀ ਨੂੰ ਦਿੱਤੀ ਵੱਡੀ ਦੇਣ ਦੀ ਗਵਾਹੀ ਭਰਦਾ ਹੋਇਆ ਇੱਕ ਲੋਕ ਗੀਤ ਵਾਂਗ ਆਮ ਲੋਕਾਂ ਦੇ ਮੂੰਹ ਤੇ ਚੜ੍ਹ ਚੁੱਕਿਆ ਹੈ। ਅੱਜ ਕਬੱਡੀ ਨੂੰ ਪਿਆਰ ਕਰਨ ਵਾਲਾ ਹਰ ਬੱਚਾ, ਨੌਜਵਾਨ ਅਤੇ ਬਜ਼ੁਰਗ ਇਸ ਸ਼ੇਅਰ ਨੂੰ ਗੁਣਗਣਾਉਂਦਾ ਹੋਇਆ ਆਮ ਸੁਣਿਆ ਜਾ ਸਕਦਾ ਹੈ। ਸਕੂਲ ਟਾਈਮ ਸਮੇਂ ਵੀ ਪਿੰਡ ਦੀ ਨੈਸ਼ਨਲ ਸਟਾਈਲ ਕਬੱਡੀ ਵਿੱਚ ਮੱਲਕਿਆਂ ਵਲੋਂ ਖੇਡਦਿਆਂ ਰੋਡਿਆਂ ਵਾਲੇ ਕਾਲਜ ਤੇ ਬਾਘੇ ਦੀ ਪੂਰੀ ਚੜ੍ਹਾਈ ਰਹੀ। ਉਹ ਵਾਲੀਵਾਲ ਦਾ ਵੀ ਇੱਕ ਵਧੀਆ ਖਿਡਾਰੀ ਰਿਹਾ ਹੈ।

ਬਾਘੇ ਮੱਲਕਿਆਂ ਵਾਲੇ ਦਾ ਪੂਰਾ ਨਾਮ ਗੁਰਦਿਲਬਾਗ ਸਿੰਘ ਬਰਾੜ ਹੈ। ਸਕੂਲ ਸਮੇ ਦੌਰਾਨ ਬਾਘੇ ਨੇ ਕੋਚ ਸੁਖਦੇਵ ਸਿੰਘ ਬਰਾੜ,ਗੁਰਦੀਪ ਸਿੰਘ ਮੱਲੀ ਅਤੇ ਬੀ ਡੀ ਸ਼ਰਮਾ ਭੁੱਚੋ ਵਾਲਿਆ ਦੀ ਦੇਖਰੇਖ ਵਿੱਚ ਕਬੱਡੀ ਦੇ ਦਾਅ-ਪੇਚ ਸਿੱਖੇ। ਕਬੱਡੀ ਵਿੱਚ ਬਾਘੇ ਨੂੰ ਸਹਿਯੋਗ ਕਰਨ ਵਿੱਚ ਉਸਦੇ ਵੱਡੇ ਭਰਾ ਮਰਹੂਮ ਰੇਸ਼ਮ ਬਰਾੜ,ਭੁੱਟੋ,ਸ਼ੋਤੀ ਪੰਡਤ,ਗੀਟਨ ਮੱਲਕੇ ਦਾ ਬਹੁਤ ਵੱਡਾ ਹੱਥ ਰਿਹਾ ਹੈ।

1983-84 ਵਿੱਚ ਮੰਡੀ ਕਲਾਂ ਵਿਖੇ ਕਬੱਡੀ ਚੈਪੀਅਨਸ਼ਿਪ ਹੋਈ ਤਾਂ ਉੱਥੇ ਹੋਏ ਟਰਾਇਲ ਦੌਰਾਨ ਬਾਘੇ ਦੀ ਚੋਣ ਫਰੀਦਕੋਟ ਜ਼ਿਲ੍ਹੇ ਦੀ ਟੀਮ ਵਿੱਚ ਹੋਈ। ਚੈਪੀਅਨਸ਼ਿਪ ਦੌਰਾਨ ਬਾਘਾ ਮੱਲਕੇ ਜਿੱਥੇ ਕਪੂਰਥਲਾ ਦੇ ਬਲਵਿੰਦਰ ਫ਼ਿੱਡੂ ਵਰਗੇ ਨਾਮੀ ਖਿਡਾਰੀਆਂ ਨਾਲ ਲਿਬਰੇਜ ਟੀਮ ਵਿਰੁੱਧ ਖੇਡਿਆ ਉੱਥੇ ਹੀ ਸ਼ੂਗਰ ਮਿੱਲ ਦੀ ਟੀਮ ਵਿੱਚ ਮੌਜੂਦ ਖਿਡਾਰੀਆਂ ਰਾਜੂ ਸੰਤੂਵਾਲੀਆ,ਕੁਲਵੰਤ ਪਵੇ,ਖਜ਼ਾਨਾ ਗੁਰਦਾਸਪੁਰੀਆ ਆਦਿ ਵਿਰੁੱਧ ਖੇਡਣ ਦਾ ਮੌਕਾ ਮਿਲਿਆ। ਇਸ ਚੈਪੀਅਨਸ਼ਿਪ ਵਿੱਚ ਬਾਘੇ ਦਾ ਪ੍ਰਦਰਸ਼ਨ ਐਨਾ ਵਧੀਆ ਰਿਹਾ ਕਿ ਖੇਡ ਗਰਾਂਉਡਾਂ ਵਿੱਚ ਉਸਦਾ ਨਾਮ ਬੋਲਿਆ ਜਾਣ ਲੱਗਾ।


ਫਿਰ 1985 ਵਿੱਚ ਲੰਬੀ ਵਿਖੇ ਹੋਈ ਕਬੱਡੀ ਚੈਪੀਅਨਸ਼ਿਪ ਦੌਰਾਨ ਕਪੂਰਥਲਾ ਅਤੇ ਫਰੀਦਕੋਟ ਦੀਆਂ ਟੀਮਾਂ ਵਿਚਕਾਰ ਹੋਏ ਫਾਈਨਲ ਮੁਕਾਬਲੇ ਵਿੱਚ ਮੰਗੀ ਸੁਰਖਪੁਰੀਏ ਵਰਗੇ ਖਿਡਾਰੀਆਂ ਨੂੰ ਜੱਫ਼ੇ ਲਗਾਕੇ ਉਸਨੇ ਆਪਣੀ ਖੇਡ ਦਾ ਲੋਹਾ ਮਨਵਾਇਆ। ਉਸਤੋਂ ਬਾਅਦ ਪੰਜਾਬ ਦੇ ਖੇਡ ਮੇਲਿਆਂ ਤੇ ਬਾਘੇ ਦੀ ਗੱਲ ਹੋਣ ਲੱਗੀ। ਕਬੱਡੀ ਨੂੰ ਪਿਆਰ ਕਰਨ ਵਾਲੇ ਲੋਕ ਬਾਘੇ ਦੀ ਖੇਡ ਨੂੰ ਵੇਖਣ ਲਈ ਦੂਰੋਂ-ਦੂਰੋਂ ਖੇਡ ਗਰਾਂਉਡਾਂ ਵਿੱਚ ਪਹੁੰਚਣ ਲੱਗੇ। ਉਸ ਸਮੇ ਮਹੀਆਂਵਾਲਾ,ਕਿਲਾ ਰਾਏਪੁਰ,ਮਾੜੀ ਮੁਸਤਫ਼ਾ, ਢੁੱਡੀਕੇ,ਤਖਤੂਪੁਰਾ,ਲੰਬੀ ਆਦਿ ਮੇਲਿਆ ਤੇ ਬਾਘੇ ਦੀ ਪੂਰੀ ਚੜਾਈ ਰਹੀ।

ਬਰਜਿੰਦਰਾ ਕਾਲਜ ਫਰੀਦਕੋਟ ਦੀ ਟੀਮ ਵਲੋਂ ਦੀਸ਼ਾ ਸੋਢੀਵਾਲਾ,ਬਸੰਤ ਹਰਾਜ,ਕੇਵਲ ਬੂਈਆਵਾਲਾ,ਬਲਵਿੰਦਰ ਭਲਵਾਨ,ਸਾਥੀ ਵੱਡਾ ਘਰ ਆਦਿ ਖਿਡਾਰੀਆਂ ਨਾਲ ਖੇਡਦਿਆਂ ਬਾਘੇ ਦੀ ਟੀਮ ਦੇ ਮੋਗਾ ਕਾਲਜ ਦੀ ਟੀਮ ਨਾਲ ਵੀ ਫ਼ਸਵੇ ਮੈਚ ਲੱਗਦੇ ਰਹੇ। ਇਸਤੋਂ ਬਾਅਦ ਬਾਘੇ ਦੀ ਸਿਲੈਕਸ਼ਨ ਰੇਲਵੇ ਵਿਭਾਗ ਪਟਿਆਲਾ ਵਿਖੇ ਹੋ ਗਈ ਜਿੱਥੇ ਉਹ ਰੇਲਵੇ ਦੀ ਟੀਮ ਵਲੋਂ ਪਹਿਲੀ ਵਾਰ 1987 ਵਿੱਚ ਸਿੰਘਾਪੁਰ ਵਿਖੇ ਖੇਡਣ ਲਈ ਗਿਆ। ਪਟਿਆਲਾ ਵਿਖੇ ਹੀ ਕਬੱਡੀ ਸਟਾਰ ਹਰਜੀਤ ਬਰਾੜ ਵੀ ਕਾਫੀ ਸਮਾਂ ਉਸਦੇ ਕੋਲ ਰਿਹਾ।

ਸਾਲ 1987 ਵਿੱਚ ਹੀ ਜਦੋਂ ਇੰਗਲੈਂਡ ਦੀ ਟੀਮ ਭਾਰਤ ਵਿੱਚ ਖੇਡਣ ਲਈ ਆਈ ਤਾਂ ਉਸ ਸਮੇ ਬਾਘੇ ਦੀ ਚੋਣ ਭਾਰਤ ਦੀ ਟੀਮ ਵਿੱਚ ਹੋਈ। ਭੁੱਚੋ ਮੰਡੀ ਵਿਖੇ ਇੰਗਲੈਂਡ ਦੀ ਟੀਮ ਖ਼ਿਲਾਫ਼ ਹੋਏ ਮੈਚ ਵਿੱਚ ਬਾਘੇ ਨੇ ਅੱਠ ਜੱਫ਼ੇ ਲਗਾਕੇ ਧੰਨ-ਧੰਨ ਕਰਵਾਈ ਅਤੇ ਆਪਣੇ ਪਿੰਡ ਮੱਲਕੇ ਵਿਖੇ ਹੋਏ ਮੈਚ ਵਿੱਚ ਭਾਰਤ ਵਲੋਂ ਖੇਡਦਿਆ ਇੰਗਲੈਂਡ ਖ਼ਿਲਾਫ਼ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੈਚ ਨੂੰ ਮੈਂ ( ਲੇਖਕ ) ਨੇ ਖੁਦ ਅੱਖੀ ਵੇਖਿਆ ਸੀ ਜਿਸ ਵਿੱਚ ਰੌਂਤੇ ਪਿੰਡ ਦੇ ਰੈਫ਼ਰੀ ਮਾੜੇ ਦੀ ਰੈਫ਼ਰਿਸ਼ਪ ਨੂੰ ਵੇਖਕੇ ਦਰਸ਼ਕਾਂ ਦਾ ਭਰਪੂਰ ਮੰਨੋਰੰਜਨ ਹੋਇਆ ਸੀ। ਰੋਮਾਨਾ ਅਜੀਤ ਸਿੰਘ ਵਾਲਾ ਵਿਖੇ ਹੋਈ ਚੈਪੀਅਨਸ਼ਿਪ ਦੌਰਾਨ ਜਲੰਧਰ ਦੀ ਟੀਮ ਨਾਲ ਫਰੀਦਕੋਟ ਦਾ ਫਾਈਨਲ ਮੈਚ ਅਤੇ ਡਰੋਲੀ ਭਾਈ ਵਿਖੇ ਦੁਆਬਾ ਅਤੇ ਪੰਜਾਬ ਦਾ ਹੋਇਆ ਮੈਚ ਉਸਦੇ ਯਾਦਗਾਰੀ ਮੈਚ ਹਨ।

ਸੰਨ 1989,90 ਅਤੇ 1991 ਵਿੱਚ ਲਗਾਤਾਰ ਤਿੰਨ ਸਾਲ ਤੱਕ ਬਾਘੇ ਨੂੰ ਇੰਗਲੈਂਡ ਵਿਖੇ ਖੇਡਣ ਦਾ ਮੌਕਾ ਮਿਲਿਆ। ਸਾਲ 1991 ਵਿੱਚ ਕੈਨੇਡਾ ਵਿਖੇ ਮੈਟਰੋ ਕਬੱਡੀ ਵਰਲਡ ਕੱਪ ਹੋਇਆ ਤਾਂ ਬਾਘਾ ਇਸ ਵਰਲਡ ਕੱਪ ਵਿੱਚ ਵੀ ਖੇਡਿਆਂ। ਕੈਨੇਡਾ ਵਿਖੇ ਵੀ ਬਾਘਾ ਲੰਬਾ ਸਮਾਂ ਬਚਿੱਤਰ ਘੋਲੀਆ,ਅਜਮੇਰ ਗਰੇਵਾਲ ਡਰੋਲੀ ਭਾਈ,ਮੱਘਰ ਬਰਾੜ ਆਦਿ ਖਿਡਾਰੀਆਂ ਨਾਲ ਖੇਡਦਾ ਰਿਹਾ।

ਬਾਘਾ ਜਿੱਥੇ ਕਬੱਡੀ ਦਾ ਵਧੀਆ ਖਿਡਾਰੀ ਰਿਹਾ ਉਸਤੋਂ ਵੀ ਵਧੀਆ ਇਨਸਾਨ ਹੈ। ਉਸਦੇ ਘਰ ਆਇਆ ਹਰੇਕ ਬੰਦਾ ਉਸ ਲਈ ਰੱਬ ਦਾ ਰੂਪ ਹੈ। ਬਾਘੇ ਨੂੰ ਆਪਣੇ ਖੇਡ ਕੈਰੀਅਰ ਦੌਰਾਨ ਬਲਵਿੰਦਰ ਫਿੱਡੂ, ਹਰਪ੍ਰੀਤ ਬਾਬਾ ਕਮਾਲੂ ਵਾਲੇ,ਨੇਕੀ ਸਿੱਧਵਾ,ਬਿੰਦਰ ਰੱਜੀਆਣਾ,ਦੇਬਾ ਭੰਡਾਲ,ਮੇਜਰ ਚੜਿੱਕ,ਨਿੰਮਾ,ਟੋਨੀ ਕਾਲਖ਼,ਸਵਰਨਾ ਵੈਲੀ,ਪਾਲੀ, ਕਾਟੋ,ਕਾਲਾ ਗਾਜ਼ੀਆਣਾ,ਬਿੱਲਾ ਭਿੰਡਰ,ਚੈਨਾ ਸਿੱਧਵਾ,ਸੀਰਾ ਭਿੰਡਰਾ, ਸਵਰਨਾ ਬਾਰੇਵਾਲੀਆ,ਪੱਪੀ ਰੱਜੀਆਣਾ ਆਦਿ ਖਿਡਾਰੀਆਂ ਨਾਲ ਖੇਡਣ ਦਾ ਮੌਕਾ ਮਿਲਿਆ। ਬਲਵਿੰਦਰ ਫਿੱਡੂ ਅਤੇ ਰਾਣਾ ਵੰਝ ਉਸਦੇ ਪਸੰਦੀਦਾ ਖਿਡਾਰੀ ਰਹੇ। ਅੱਜਕੱਲ ਦੇ ਖਿਡਾਰੀਆਂ ਵਿੱਚੋਂ ਉਹ ਜੁਗਰਾਜ ਧੰਨਾ ਸ਼ਹੀਦ ਦੀ ਖੇਡ ਤੋਂ ਪ੍ਰਭਾਵਿਤ ਹੈ।



ਬਾਘਾ ਮੱਲਕੇ ਫ਼ਿਲਮ ਸਟਾਰ ਧਰਮਿੰਦਰ ਨਾਲ।

1997 ਵਿੱਚ ਟੋਰਾਂਟੋ ( ਕੈਨੇਡਾ ) ਵਿਖੇ ਬਾਘੇ ਮੱਲਕਿਆ ਵਾਲੇ ਨੂੰ ਜਦੋ ਸੀਜ਼ਨ ਦਾ ਵਧੀਆ ਜਾਫ਼ੀ ਐਲਾਨਿਆ ਗਿਆ ਤਾਂ ਉਸ ਸਮੇ ਹੀ ਉਸਨੇ ਖੇਡ ਕਬੱਡੀ ਨੂੰ ਅਲਵਿਦਾ ਆਖ ਦਿੱਤਾ।

ਅੱਜਕੱਲ ਉਸਦਾ ਭਰਾ ਗੁਰਤੇਜ ਸਿੰਘ ਬਰਾੜ ਅਤੇ ਭਤੀਜਾ ਰਾਜਾ ਬਰਾੜ ਆਪਣੇ ਪਰਿਵਾਰ ਨਾਲ ਪਿੰਡ ਮੱਲਕੇ ਵਿਖੇ ਰਹਿ ਰਹੇ ਹਨ ਜਦੋਂਕਿ ਬਾਘਾ ਮੱਲਕੇ ਆਪਣੀ ਪਤਨੀ ਮਹਿੰਦਰ ਕੌਰ ਬਰਾੜ,ਬੇਟੀਆਂ ਭਵਨਜੋਤ ਕੌਰ,ਸਿਮਰਜੋਤ ਕੌਰ ਅਤੇ ਮਹਿਕਜੋਤ ਕੌਰ ਨਾਲ ਮਿਸੀਸਾਗਾ ( ਕੈਨੇਡਾ ) ਵਿਖੇ ਰਹਿ ਰਿਹਾ ਹੈ। ਬਾਘਾ ਅੱਜ ਆਪਣੇ ਚਹੇਤਿਆਂ ਦੇ ਮਿਲਦੇ ਪਿਆਰ-ਸਤਿਕਾਰ ਤੋਂ ਪੂਰੀ ਤਰ੍ਹਾ ਸੰਤੁਸ਼ਟ ਹੈ।

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500






# ਰਿਕਾਰਡਿੰਗ ਦਾ ਇਤਿਹਾਸ-ਸੰਗੀਤ ਦੀ ਸ਼ੌਕੀਨਾਂ ਲਈ ਦਿਲਚਸਪ ਜਾਣਕਾਰੀ

ਅੱਜ ਅਸੀਂ ਯੂ ਟਿਊਬ ਤੇ ਪੁੱਜ ਚੁੱਕੇ ਹਾਂ, ਪਰ ਇਹ ਸਫਰ ਬਹੁਤ ਲੰਬਾ ਹੈ , ਤਕਰੀਬਨ ਡੇਢ ਸੌ ਸਾਲ ਪਹਿਲਾਂ ਇਨਸਾਨ ਨੇ ਇੱਕ ਸੁਪਨਾ ਲਿਆ ਸੀ ਕਿ ਉਸਦੀ ਆਵਾਜ਼ ਵੀ ਕਿਸੇ ਢੰਗ ਨਾਲ, ਕਿਸੇ ਮਾਧਿਅਮ ਰਾਹੀਂ, ਕੈਦ ਕਰ ਕੇ ਦੁਬਾਰਾ ਸੁਣੀ ਜਾ ਸਕੇ ।ਆਖਰ 11 ਫਰਵਰੀ 1847 ਨੂੰ ਅਮਰੀਕਾ ਵਿੱਚ ਪੈਦਾ ਹੋਏ ਵਿਗਿਆਨੀ 'ਥਾਮਸ ਅਲਵਾ ਐਡੀਸਨ' ਨੇ ਇਹ ਸੁਪਨਾ ਸਾਕਾਰ ਕਰ ਲਿਆ ਜਦੋਂ ਉਸਨੇ ਮੋਮ ਦੇ ਗੋਲ ਵਰਕੇ ਤੇ ਬਰੀਕ ਝਿਰੀ ਪਾਕੇ ਆਵਾਜ਼ ਰਿਕਾਰਡ ਕਰਨ ਵਿੱਚ ਸਫਲਤਾ ਹਾਸਲ ਕੀਤੀ ।1888 ਵਿੱਚ ਤਾਂ ਜਰਮਨੀ ਮੂਲ ਦੇ ਇੱਕ ਅਮਰੀਕੀ



ਵਿਗਿਆਨੀ 'ਐਮਿਲੀ ਬਰਲਿਨਰ' ਨੇ ਲਾਖ ਵਾਲੇ ਤਵੇ ਦੀ ਕਾਢ ਕੱਢ ਲਈ, ਜੋ ਤਕਰੀਬਨ 80 ਵਰ੍ਹੇ ਉਸੇ ਤਰ੍ਹਾਂ ਹੀ ਚਲਦਾ ਰਿਹਾ ।

1898 ਵਿੱਚ ਦੁਨੀਆਂ ਦੀ ਪਹਿਲੀ ਕੰਪਨੀ 'ਦਿ ਗਰਾਮੋਫੋਨ ਐਂਡ ਟਾਈਪਰਾਈਟਰ' ਲੰਡਨ ਵਿੱਚ ਸਥਾਪਤ ਹੋਈ ।ਇਹ ਕੰਪਨੀ ਬਾਅਦ ਵਿੱਚ ਐਚ ਐਮ ਵੀ (ਹਿਜ਼ ਮਾਸਟਰਜ਼ ਵੋਇਸ) ਨਾਮ ਵਿੱਚ ਕਿਵੇਂ ਤਬਦੀਲ ਹੋਈ ?

ਭਾਰਤ ਵਿੱਚ ਇਸਦੀ ਆਮਦ ਕਦੋਂ ਹੋਈ ?

ਭਾਰਤ ਵਿੱਚ ਪਹਿਲਾ ਰਿਕਾਰਡਿੰਗ ਇੰਜੀਨੀਅਰ ਕੌਣ ਸੀ ?

ਭਾਰਤ ਵਿੱਚ ਪਹਿਲੀ ਰਿਕਾਰਡਿੰਗ ਕਿੱਥੇ ਹੋਈ ?

ਉਹ ਕਿਹੜਾ ਪਹਿਲਾ ਭਾਰਤੀ ਕਲਾਕਾਰ ਸੀ ਜਿਸਦੀ ਆਵਾਜ਼ ਰਿਕਾਰਡ ਹੋਈ ?

ਉਹ ਪਹਿਲੇ ਗੀਤ ਦੇ ਬੋਲ ਕੀ ਸਨ ?

ਉਹ ਕਿਹੜੀ ਤਾਰੀਖ ਸੀ ਜਦੋਂ ਪਹਿਲੀ ਰਿਕਾਰਡਿੰਗ ਹੋਈ ?

ਇਹਨਾਂ ਸਾਰੀਆਂ ਗੱਲਾਂ ਦੇ ਉੱਤਰ ਜਾਣਨ ਲਈ ਹੁਣ ਤੱਕ ਸ਼ਾਇਦ ਤੁਸੀ ਵੀ ਕਾਹਲੇ ਪੈਣ ਲੱਗ ਗਏ ਹੋਵੋਗੇ।

ਪਾਠਕੋ ਮੇਰੀ ਇਸ ਵਿਸ਼ੇ ਵਿੱਚ ਡੂੰਘੀ ਦਿਲਚਸਪੀ ਹੈ, ਮੈਂ ਬੜੀ ਮਿਹਨਤ ਨਾਲ ਉਹ ਤਸਵੀਰਾਂ ਉਹ ਵੀ ਇਕੱਠੀਆਂ ਕੀਤੀਆਂ ਜੋ ਪਹਿਲੇ ਕਲਾਕਾਰਾਂ ਦੀਆਂ ਹਨ, ਪਹਿਲੇ ਰਿਕਾਰਡਿੰਗ ਇੰਜੀਨੀਅਰ ਦੀਆਂ, ਪਹਿਲੇ ਸਟੂਡੀ? ਦੀਆਂ ।

ਆ ਦੇਖੋ ਦੁਨੀਆਂ ਦੀ ਸਭ ਤੋਂ ਪਹਿਲੀ ਕੰਪਨੀ ਗਰਾਮੋਫੋਨ ਐਂਡ ਟਾਈਪਰਾਈਟਰ ਲੰਡਨ ਦਾ ਬਣਿਆ ਇੱਕ ਅੰਗਰੇਜ਼ੀ ਤਵਾ

1901ਵਿੱਚ ਕੰਪਨੀ ਨੇ 'ਜੋਹਨ ਵਾਟਸਨ ਹਾਅ' ਨੂੰ ਭਾਰਤ ਵਿੱਚ ਗਰਾਮੋਫੋਨ ਦੇ ਬਾਜ਼ਾਰ ਦੇ ਭਵਿੱਖ ਦਾ ਅੰਦਾਜ਼ਾ ਲਾਉਣ ਵਾਸਤੇ ਘੱਲਿਆ।

ਜੋਹਨ ਵਾਟਸਨ ਨੇ ਦਿੱਲੀ ਬੰਬਈ ਮਦਰਾਸ ਕਲਕੱਤੇ ਯਾਤਰਾ ਕਰਕੇ ਨਤੀਜਾ ਕੱਢਿਆ ਕਿ ਭਾਰਤ ਵਿੱਚ ਗ੍ਰਮਾਫੋਨ ਦਾ ਭਵਿੱਖ ਬਹੁਤ ਵਧੀਆ ਹੈ। ਭਾਰਤ ਇਸ ਕੰਮ ਲਈ ਦੁਨੀਆਂ ਦੀ ਸਭ ਤੋਂ ਵੱਡੀ ਮੰਡੀ ਹੋ ਸਕਦੀ ਹੈ ਬਸ਼ਰਤੇ ਉੱਥੋਂ ਦੀਆਂ ਦੇਸੀ ਭਾਸ਼ਾਵਾਂ ਵਿੱਚ ਰਿਕਾਰਡਿੰਗ ਹੋਵੇ।

ਉਸ ਵੇਲੇ ਭਾਰਤ ਬਰਤਾਨੀਆ ਰਾਜ ਦੀ ਹੀ ਇੱਕ ਮੰਡੀ ਸੀ। ਕੰਪਨੀ ਨੇ 'ਫ਼ਰੈਡਰਿਕ ਵਿਲੀਅਮ ਗਾਇਸਬਰਗ ' ਨਾਮ ਦੇ ਰਿਕਾਰਡਿੰਗ ਇੰਜੀਨੀਅਰ ਨੂੰ




ਰਿਕਾਰਡਿੰਗ ਵਾਲੀ ਮਸ਼ੀਨ ਦੇ ਕੇ ਭਾਰਤ ਭੇਜਿਆ ਉਸਦੇ ਨਾਲ ਉਸਦਾ ਸਹਿਯੋਗੀ ' ਵਿਲਿਅਮ ਸਿੰਕਲਰ ਡੇਰਬੀ' ਵੀ ਸੀ।

ਇਹ ਦੋਵੇਂ ਵਿਅਕਤੀ ਭਾਰਤ ਆ ਗਏ 'ਤੇ ਪਹਿਲਾਂ ਤੋਂ ਕੀਤੀ ਖੋਜ ਮੁਤਾਬਕ ਕਲਕੱਤੇ ਪੁੱਜ ਗਏ। ਇਹਨਾਂ ਨੇ ਕਲਕੱਤੇ 'ਦਿ ਗਰੇਟ ਇਸਟਰਨ ਹੋਟਲ' ਵਿੱਚ ਕਮਰਾ ਕਿਰਾਏ ਤੇ ਲਿਆ ਇਹਨਾਂ ਨੇ ਥਿਏਟਰ ਮੰਡਲੀਆਂ ਨਾਲ ਸੰਪਰਕ ਕੀਤਾ ਕਿਉਂਕਿ ਇਹਨਾਂ ਨੂੰ ਉਮੀਦ ਸੀ ਕਿ ਥਿਏਟਰ ਮੰਡਲੀਆਂ ਨਾਲ ਗਾਉਣ ਵਾਲੀਆਂ ਚੰਗੀਆਂ ਆਵਾਜ਼ਾਂ ਹੁੰਦੀਆਂ ਹਨ ।

ਇਸ ਤਰ੍ਹਾਂ ਇਹਨਾਂ ਨੇ ਕਲਾਸੀਕਲ ਥਿਏਟਰ ਦੇ ਮਾਲਕ ' ਅਮਰੇਂਦਰ ਨਾਥ ਨੱਤ' ਨਾਲ ਸੰਪਰਕ ਕੀਤਾ। ਗੱਲ ਹੋ ਗਈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਮਿੱਥੇ ਸਮੇਂ ਤੇ ਨੱਤ ਆਪਣੀ ਨਾਟ ਮੰਡਲੀ ਨਹੀਂ ਬਲਕਿ " ਚਿੱਤਪੁਰ" ਇਲਾਕੇ ਦੀਆਂ ਦੋ ਨੱਚਣ ਵਾਲੀਆਂ ਕੁੜੀਆਂ ਨੂੰ ਲੈ ਆਇਆ ।

ਉਹਨਾਂ ਵਿੱਚੋਂ ਇੱਕ ਚੌਦਾਂ ਵਰ੍ਹਿਆਂ ਦੀ ' ਸ਼ਸ਼ੀਮੁੱਖੀ ' ਤੇ ਦੂਸਰੀ ਸੋਲਾਂ ਵਰ੍ਹਿਆਂ ਦੀ 'ਫਨੀਬਾਲਾ'

ਮਿੱਥੇ ਸਮੇਂ ਤੇ 'ਨੱਤ' ਦੋਵੇਂ ਕੁੜੀਆਂ ਨੂੰ ਪਛਾਣ ਛੁਪਾ ਕੇ ਲੰਮੇ ਲੰਮੇ ਘੁੰਡ ਕੱਢਾ ਕੇ ਲੈ ਆਇਆ ।

ਵਿਲੀਅਮ ਗਾਇਸਬਰਗ ਹੋਰਾਂ ਨੇ ਹੋਟਲ ਵਿੱਚ ਹੀ ਰਹਿਣ ਵਾਲੇ ਕਮਰੇ ਦੇ ਨਾਲ ਵਾਲਾ ਕਮਰਾ ਵੀ ਕਿਰਾਏ ਤੇ ਲੈ ਲਿਆ ਸੀ, ਜਿੱਥੇ ਉਹਨਾਂ ਨੇ ਆਪਣੇ ਨਾਲ ਲਿਆਂਦੀ ਰਿਕਾਰਡਿੰਗ ਮਸ਼ੀਨ ਟਿਕਾਈ ਹੋਈ ਸੀ ।

8 ਨਵੰਬਰ 1902 ਨੂੰ ਇਤਿਹਾਸ ਸਿਰਜਿਆ ਗਿਆ। ਉਹਨਾਂ ਦੋਵੇਂ ਕੁੜੀਆਂ ਵਿੱਚੋਂ ਫਨੀਬਾਲਾ ਦੀ ਆਵਾਜ਼ ਵਿੱਚ ਪਹਿਲਾ ਗੀਤ (ਬੰਗਾਲੀ) ਰਿਕਾਰਡ ਹੋਇਆ । ਜਿਸਦੇ ਬੋਲ ਸਨ " ਆਮੀ ਸਜਨੀ ਕੁਸਮਿਰੀ" ਭਾਵ ਭਾਵ ਮੇਰੀ ਸਜਨੀ ਫੁੱਲਾਂ ਵਰਗੀ ਪਰ ਉਸ ਅਨਭੋਲ ਕੁੜੀ ਨੂੰ ਨਹੀਂ ਪਤਾ ਸੀ ਕਿ ਉਹ ਤਾਂ ਇਤਿਹਾਸ ਬਨਣ ਜਾ ਰਹੀ ਹੈ ਇਸ ਰਿਕਾਰਡ ਦਾ ਲੜੀ ਨੰਬਰ ਸੀ ਓ-1001 ਹੈ।

ਬਹੁਤ ਥਾਵਾਂ ਤੇ ਤੁਸੀਂ ਲਿਖਿਆ ਪੜਿਆ ਹੋਵੇਗਾ ਕਿ ਪਹਿਲੀ ਰਿਕਾਰਡਿੰਗ 'ਗਹੌਰ ਜਾਨ' ਦੀ ਹੋਈ ਸੀ ਪਰ ਫਨੀਬਾਲਾ ਤੋਂ ਤਿੰਨ ਦਿਨ ਬਾਅਦ 11 ਨਵੰਬਰ ਨੂੰ ਗਹੌਰ ਜਾਨ ਦੀ ਰਿਕਾਰਡਿੰਗ ਹੋਈ ਹਾਂ ਇਹ ਗੱਲ ਜ਼ਰੂਰ ਹੈ ਕਿ ਭਾਰਤ ਵਿੱਚ ਜੋ ਰਿਕਾਰਡ (ਤਵਾ) ਬਣ ਕੇ ਸਭ ਤੋਂ ਪਹਿਲਾਂ ਪੁੱਜਾ, ਉਹ ਗਹੌਰ ਜਾਨ ਦਾ ਹੀ ਸੀ।

**ਬਾਂਸਲ ਦੀ ਵੰਝਲੀ ਵਾਲਾ ਅਸ਼ੋਕ ਬਾਂਸਲ ਇਹਨੀ ਦਿਨੀ ਅਮਰੀਕਾ ਦੀ ਫੇਰੀ ਉੱਪਰ ਆਇਆ ਹੋਇਆ ਹੈ । ਜਲਦੀ ਹੀ ਅਗਸਤ ਮਹੀਨੇ ਵਿੱਚ ਹੀ ਕੈਲਗਰੀ ਵਸਦੇ ਪੰਜਾਬੀਆਂ ਨਾਲ ਆਪਣੇ ਦਿਲ ਦੀਆਂ ਗੱਲਾਂ ਕਰਨ ਲਈ ਵੀ ਆ ਰਿਹਾ ਹੈ । ਇਸ ਸਬੰਧੀ ਸਮਾਂ ਸਥਾਨ ਅਤੇ ਤਾਰੀਖ ਛੇਤੀ ਹੀ ਪੰਜਾਬੀ ਅਖ਼ਬਾਰ ਦੇ ਪੰਨਿਆਂ ਰਾਹੀਂ ਤੁਹਾਡੇ ਨਾਲ ਸਾਂਝੀ ਕੀਤੀ ਜਾਵੇਗੀ।**

---

**facebook** ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਹਰਮਨ ਨੇ ਮੇਰੇ ਬਾਪੂ ਦੇ ਲਿਖੇ ਕੱਲੇ ਕੱਲੇ ਅੱਖਰ ਦੀ ਕਦਰ ਕੀਤੀ ਤੇ ਮੁੱਲ ਪਾਇਆ

ਮੈਂ ਹਰਜੀਤ ਹਰਮਨ ਨੂੰ ਉਦੋਂ ਦਾ ਜਾਣਦਾ ਜਦੋਂ ਉਹ 'ਹਰਮਨ' ਨਹੀਂ ਸੀ ਬਣਿਆ , ਸਿਰਫ ਹਰਜੀਤ ਹੁੰਦਾ ਸੀ ਜਾਂ ਫਿਰ ਕਾਲਾ ਹੁੰਦਾ ਸੀ । ਸਿੱਧਾ ਸਾਦਾ ਜਿਹਾ ਸਧਾਰਣ ਜਿਹਾ , ਉਹ ਹਰਜੀਤ ਹਰਮਨ ਬਣਕੇ ਵੀ ਉਂਵੇ ਦਾ ਹੀ ਹੈ ਜਿਵੇਂ ਉਹ ਜਦੋਂ ਸਿਰਫ ਹਰਜੀਤ ਹੁੰਦਾ ਸੀ ।ਉਹ ਭੀੜ 'ਚ ਨਹੀ ਰਲਿਆ , ਉਹਨੇ ਗੀਤ ਗਾਉਣ ਵੇਲੇ ਜਾਂ ਰਿਲੀਜ਼ ਕਰਨ ਵੇਲੇ ਕਦੇ ਪੈਸੇ ਨੂੰ ਮੁੱਖ ਨਹੀਂ ਰੱਖਿਆ ਤੇ ਨਾ ਹੀ ਕਦੇ ਕਾਹਲ ਕੀਤੀ ਹੈ ।ਉਹਦੇ ਕੋਲ ਵਿਦੇਸ਼ਾਂ ਦੇ ਦੌਰੇ ਨੇ , ਪੰਜਾਬ 'ਚ ਸ਼ੋਆਂ ਦੀ ਭਰਮਾਰ ਹੈ ਸਿਰਫ ਇਸੇ ਕਰਕੇ ਕਿ ਉਸਨੇ ਪਰਿਵਾਰਿਕ ਤੇ ਸਾਫ ਸੁਥਰੇ ਗੀਤ ਗਾਏ ਹਨ। , ਉਸਨੂੰ ਟੈਲੀਵੀਜ਼ਨ 'ਤੇ ਤੇ ਯੂਟਿਊਬ 'ਚ ਟਰੈਂਡਿੰਗ ਚ ਰਹਿਣ ਦਾ ਬਾਹਲਾ ਚਸਕਾ ਨਹੀਂ , ਉਹ ਦੌਲਤ ਸ਼ੌਹਰਤ ਕਣੀਓਂ ਰੱਜਿਆ ਪੁੱਜਿਆ ਬੰਦਾ ਹੈ , ਸਬਰ ਸੰਤੋਖ ਨਾਲ ਭਰਭੂਰ ਹੈ ।

ਤੁਸੀ ਉਸਨੂੰ ਮਿਲੋਗੇ ਉਹਦੇ ਹੋਕੇ ਰਹਿਜੋ ਗੇ , ਉਹ ਫਰਾਖਦਿਲੀ ਨਾਲ ਮਿਲਦਾ ਹੈ ।

ਉਹ ਰੱਜੇ ਪੁੱਜੇ ਘਰ ਦਾ ਪੇਂਡੂ ਜੱਟ ਹੈ ।

ਉਹ ਭੁੰਜੇ ਬਹਿਕੇ ਪਾਂਥੀ ਮਾਰਕੇ ਪਰਸ਼ਾਦਾ ਸ਼ਕਣ ਵਾਲਾ ਮਿੱਟੀ ਨਾਲ ਜੁੜਿਆ ਕਲਾਕਾਰ ਹੈ । ਰੋਜ਼ਾਨਾ ਭੱਜ ਕੇ ਆਉਣਾ ਤੇ ਨਿੱਤਨੇਮ ਕਰਨਾ ਉਸਦਾ ਨਿਯਮ ਹੈ ।

ਉਹਦਾ ਬਾਪੂ ਸਰਕਾਰੀ ਬੈਂਕ 'ਚੋਂ ਮੈਨੇਜਰ ਰਟਾਇਰ ਹੋਇਆ ਤੇ ਆਪ ਉਹ ਫਾਰਮਾਸਿਸਟ ਹੈ ।ਬਸ ਬਚਪਨ ਚ ਹੀ ਉਹਨੂੰ



ਗੁਣਗਣਾਉਣ ਦਾ ਭੁੱਸ ਪੈ ਗਿਆ ਬਸ ਇਹੋ ਭੁੱਸ ਉਹਨੂੰ ਸਫਲਤਾ ਦੇ ਸੱਤਵੇਂ ਆਸਮਾਨ 'ਤੇ ਲੈ ਗਿਆ । ਮੈਂ ਇਮਾਨਦਾਰੀ ਨਾਲ ਆਖਾਂ ਤਾਂ ਮੈਨੂੰ ਸਭ ਤੋਂ ਵੱਧ ਕੰਮ ਕਰਨ ਦਾ ਸੁਆਦ ਹਰਜੀਤ ਹਰਮਨ ਨਾਲ ਹੀ ਆਇਆ ਹੈ ।

ਉਹਨੇ ਕਦੇ ਵੈਨਿਟੀ ਵੈਨ , ਸ਼ੂਟਿੰਗ ਦੌਰਾਨ ਵੱਡੇ ਕੈਮਰਿਆਂ ਜਾਂ ਕਿਸੇ ਹੋਰ ਕਿਸਮ ਦੀਆਂ ਬੇਲੋੜੀਆਂ ਮੰਗਾਂ ਨਹੀਂ ਰੱਖੀਆਂ , ਉਹ ਮੇਰੇ ਬਹੁਤ ਸਾਰੇ ਦੋਸਤ ਮਿੱਤਰਾਂ ਦੀਆਂ ਮਾਵਾਂ ਦਾ ਹਰਮਨ ਪਿਆਰਾ ਗਾਇਕ ਹੈ ।

ਉਹਦੀ ਆਵਾਜ਼ ਉਹਦੇ ਸੁਭਾਅ ਚ ਮਿਸ਼ਰੀ ਦੇ ਅਣਗਿਣਤ ਘੜੇ ਡੁੱਲੇ ਹੋਏ ਹਨ ।

ਮੇਰੇ ਬਾਪੂ ਨੂੰ ਸਰੀਰਕ ਤੌਰ 'ਤੇ ਵਿਛੜਿਆਂ ਤਿੰਨ ਸਾਲ ਤੋਂ ਵੱਧ ਸਮਾਂ ਹੋ ਗਿਆ ਐ।

ਹਰਮਨ ਬਾਈ ਤੇ ਮੈਨੂੰ ਬਾਪੂ ਦੀ ਇੱਕੋ ਜਿੰਨੀ ਹੀ ਘਾਟ ਰੜਕਦੀ ਹੈ।

ਸਾਡੇ ਘਰ ਚ ਹਰਮਨ ਬਾਈ ਨੂੰ ਮੇਰੇ ਜਿੰਨੀ ਹੀ ਅਹਿਮੀਅਤ ਦਿੱਤੀ ਜਾਂਦੀ ਹੈ ।

ਹਰਮਨ ਬਾਈ ਹੀ ਹੈ ਜੀਹਨੇ ਬਾਪੂ ਤੋਂ ਬਾਅਦ ਸਾਡੇ ਪਰਿਵਾਰ ਨੂੰ ਕਿਤੇ ਵੀ ਡੋਲਣ ਨੀ ਦਿੱਤਾ ।

ਹਰਮਨ ਨੇ ਮੇਰੇ ਬਾਪੂ ਦੇ ਲਿਖੇ ਕੱਲੇ ਕੱਲੇ ਅੱਖਰ ਦੀ ਕਦਰ ਕੀਤੀ ਤੇ ਮੁੱਲ ਪਾਇਆ ।

ਮੇਰੇ ਬਾਪੂ ਤੇ ਉਹਦੇ ਗੀਤਾਂ ਨੂੰ ਹਰਮਨ ਨੇ ਰੁਲਣ ਤੋਂ ਬਚਾਕੇ ਰੱਖਿਆ ਤੇ ਬਾਪੂ ਤੇ ਉਹਦੇ ਗੀਤਾਂ ਪ੍ਰਤੀ ਉਹ ਹਮੇਸ਼ਾ ਇਮਾਨਦਾਰ ਰਿਹਾ ।

ਮੇਰੇ ਬਾਪੂ ਨੇ ਸਭ ਤੋਂ ਵੱਧ ਸਫਰ ਹਰਮਨ ਬਾਈ ਨਾਲ ਹੀ ਕੀਤਾ ।

13 ਜੁਲਾਈ ਵਾਲਾ ਦਿਨ ਉਹਦਾ ਜਨਮ ਦਿਨ ਹੈ , ਸੋ ਮੈਂ ਉਸ ਗਵੱਈਏ ਨੂੰ ਜਿਸਦੇ ਸਾਫ ਸੁਥਰੇ ਗੀਤਾਂ ਨੇ ਪੰਜਾਬੀ ਗਾਇਕੀ ਦੇ ਵਿਹੜੇ ਪੰਜੇਬਾਂ ਛਣਕਾਈਆਂ, ਇਸ ਸ਼ੁੱਭ ਅਵਸਰ 'ਤੇ ਦਿਲੋਂ ਮੁਬਾਰਕਬਾਦ ਦਿੰਦਾ ਹਾਂ।

ਦੁਆ ਕਰਦਾ ਹਾਂ ਕਿ ਮਿੱਤਰਾਂ ਦਾ ਨਾਂ ਸਦਾ ਚੱਲਦਾ ਰਹੇ !


ਜਿਉਦਾ ਰਹਿ ਮਿੱਤਰਾ



(ਸਟਾਲਿਨਵੀਰ ਸਿੰਘ ਦੀ ਫੇਸ ਬੁੱਕ ਉਪਰੋਂ ਵਧਾਈਆਂ ਦੇ ਬੁੱਲਿਆਂ ਵਿੱਚੋਂ ਇੱਕ ਬੁੱਲਾ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )

---


## ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ ।
ਕਾਲ ਕਰੋ:
1 250 319 7263


---



# ਉਹ ਵੇਲਾ ਯਾਦ ਕਰ



ਬਲਵਿੰਦਰ ਕੌਰ ਬਰਾੜ
403 590 9629

## ਡਿੱਗ ਕੇ ਗੋਡੇ ਤੇ ਲੱਗੀ ਝਰੀਟ ਸਮੇ ਮਾਂ ਦੀ ਮਾਰੀ ਫੂਕ ਜਿਹੀ ਮਲ੍ਹਮ ਕਿਤੇ ਨਹੀਂ ਮਿਲਦੀ।

ਨਵੀਂ ਤਰਜ਼ੇ-ਜ਼ਿਦਗੀ ਨੇ ਘੁਲ ਘੁਲ ਮਰਨ ਦੀ ਲੀਹ ਤੋਰੀ ਹੈ। ਦੁੱਖਾਂ ਦੀ ਸੂਚੀ ਵੱਲ ਵੇਖਦਿਆਂ ਮੇਰੇ ਕੋਲ ਕਈ ਸਵਾਲ ਅਪੜੇ ਹਨ ਕਿ ਦੁੱਖ ਦਾ ਉਪਾਅ ਨਹੀਂ ਲਿਖਿਆ। ਇਹ ਤਾਂ ਕਿਸੇ ਦੇ ਵੀ ਵੱਸ ਦਾ ਨਹੀਂ ਫੇਰ ਵੀ -ਦੁਨੀਆਂ ਦਾ ਦੁੱਖ ਦੇਖ ਦੇਖ ਦਿਲ ਦਬਦਾ ਦਬਦਾ ਜਾਂਦਾ- ਇਸ ਦੁੱਖ ਨੂੰ ਹਰਨ ਦਾ ਨਹੀਂ ਸਗੋਂ ਜਰਨ ਦਾ ਹੀਲਾ ਕਰਨਾ ਬਣਦਾ ਹੈ।ਆਮ ਤੌਰ ਤੇ ਕਿਹਾ ਜਾਂਦਾ ਹੈ ਜਿਸ ਦੇਹੀ ਤੇ ਪਹਾੜ ਡਿਗਦਾ ਹੈ ਜਰਨਾ ਤਾਂ ਉਸੇ ਨੂੰ ਪੈਂਦਾ ਹੈ। ਦੂਰ ਨਿਭਦੇ ਲੋਕ ਤਾਂ ਬਸ ਦੋ ਬੋਲਾਂ ਨਾਲ ਹੀ ਡੰਗ ਟਪਾ ਲੈਂਦੇ ਹਨ। ਪਰ ਆਦਮੀ ਦਾ ਜਦੋਂ ਅੰਦਰ ਛਲਕਦਾ ਹੈ, ਵੱਸੋਂ ਬਾਹਰ ਹਾਲਤਾਂ ਵਿਚ ਛਟਪਟਾਉਂਦਾ ਉਹ ਹੋਰਨਾ ਤੋਂ ਹਮਦਰਦੀ ਦੀ ਝਾਕ ਤਾਂ ਰਖਦਾ ਹੀ ਹੈ। ਉਸ ਦਾ ਜੀਅ ਕਰਦਾ ਹੈ ਕਿਸੇ ਹਮਦਰਦ ਮੋਢੇ ਤੇ ਸਿਰ ਰੱਖ ਕੇ ਹੰਝੂ ਕੇਰੇ ਜਾ ਸਕਣ, ਪਰ ਸਭ ਕੋਲ ਹੀ ਆਪੋ ਆਪਣੇ ਦੁੱਖ ਹੋਣ ਕਰ ਕੇ ਹੋਰਨਾ ਦਾ ਦੁੱਖ ਸੁਣ ਲੈਣ ਜੋਗੀ ਰੁਚੀ, ਵਿਹਲ, ਫੁਰਸਤ ਜਾਂ ਸਮਰੱਥਾ ਹੀ ਨਹੀਂ ਹੁੰਦੀ। ਸੋ ਆਮ ਕਥਨ ਹੈ- ਸਹਿ ਵੇ ਜੀਆ ਆਪਣਾ ਕੀਆ। ਮੇਰੀ ਜਾਚੇ ਕਿਤੇ ਦੁੱਖ ਦੱਸਣ ਜੋਗੀ ਥਾਂ ਵੀ ਘੱਟ ਹੀ ਨਸੀਬ ਹੁੰਦੀ ਹੈ। ਜੋ ਲੋਕ ਦੇਹੀ ਦੁੱਖ ਦੀ ਬਾਤ ਅਕਸਰ ਪਾ ਬੈਠਦੇ ਹਨ ਦੂਜੇ ਲੋਕ ਵਿਖਾਵਾ ਕਰ ਕੇ, ਲੈਕਚਰ ਕਰ ਕੇ, ਤਰਸ ਜਾਂ ਹਮਦਰਦੀ ਕਰ ਕੇ ਜੇ ਸੁਣਦੇ ਵੀ ਹਨ ਤਾਂ ਇੱਕ ਦੇ ਕਹਿਣ ਅਤੇ ਦੂਜੇ ਦੇ ਸੁਣ ਲੈਣ ਵਿਚਲੀ ਵਿੱਥ ਰਹਿ ਹੀ ਜਾਂਦੀ ਹੈ। ਬਚਪਨ ਵਿਚ ਡਿੱਗ ਕੇ ਗੋਡੇ ਤੇ ਲੱਗੀ ਝਰੀਟ ਸਮੇ ਮਾਂ ਦੀ ਮਾਰੀ ਫੂਕ ਜਿਹੀ ਮਲ੍ਹਮ ਕਿਤੇ ਨਹੀਂ ਮਿਲਦੀ। ਦੂਜਾ ਉਹ ਸਭ ਆਪਣੇ ਹੀ ਦੁੱਖਾਂ ਦਾ ਖਿਲਾਰਾ ਪਾ



ਬੈਠਦੇ ਹਨ। ਤੀਜਾ ਕਈ ਲੋਕ ਸੁਆਦ ਲੈਂਦੇ ਮਜ਼ਾਕ ਬਣਾਉਂਦੇ ਹਨ, ਤੁਹਾਡੇ ਜ਼ਖ਼ਮਾ ਨੂੰ ਕੁਰੇਦ ਕੇ ਨਵਾਂ ਮਸਾਲਾ ਜਾਂ ਖ਼ਬਰ ਬਣਾ ਕੇ ਪਸਾਰਦੇ ਹਨ। ਉਨ੍ਹਾਂ ਅਨੁਸਾਰ ਤੁਹਾਡਾ ਮਾਦਾ ਮਾੜਾ ਹੈ ਜੋ ਜਰ ਨਹੀਂ ਸਕਿਆ। ਉਹ ਦੁਖੀ ਆਦਮੀ ਨੂੰ ਹਮਦਰਦੀ ਦਾ ਮੰਗਤਾ ਜਾਣਦੇ ਹਨ।

ਗੁਲਜ਼ਾਰ ਨੇ ਕਿਹਾ ਹੈ ਕਿ -

**ਹਰ ਕਿਸੀ ਕੋ ਅਪਨੇ ਜ਼ਖ਼ਮ ਮਤ ਦਿਖਾਓ,**
**ਲੋਕ ਮੁੱਠੀਓਂ ਮੇ ਨਮਕ ਰਖਤੇ ਹੈਂ।**

ਪਰ ਇਸ ਦਾ ਭਾਵ ਇਹ ਨਹੀਂ ਕਿ ਅੰਦਰ ਦਫ਼ਨ ਕੀਤੇ ਦੁੱਖਾਂ ਨਾਲ ਹੋਰ ਦੁਖੀ ਹੋਵੋ। ਕਵੀ ਆਖਦਾ ਹੈ ਕਿ ਦੁੱਖ ਉਥੇ ਦੱਸੀਏ ਜੋ ਦਿਲ ਦੀ ਰਮਜ਼ ਪਛਾਣੇ। ਭਾਵ ਜਿੱਥੇ ਤੁਹਾਡਾ ਕੂਰਾ ਰਲਦਾ ਹੋਵੇ, ਜੋ ਪਲਕਾਂ ਤੇ ਲਟਕਦੇ ਹੰਝੂਆਂ ਦਾ ਤਰਜਮਾ ਕਰ ਸਕੇ। ਉਸ ਦਾ ਹਮਦਰਦ ਹੱਥ ਮੋਢੇ ਟਿਕਿਆ ਹੀ ਕਾਲਜਾ ਠਾਰਦਾ ਹੈ, ਮਨ ਹੌਲਾ ਹੁੰਦਾ ਹੈ। ਸਿਆਣੇ ਇਹ ਵੀ ਆਖਦੇ ਹਨ ਕਿ ਦੁੱਖ ਆਪਣੇ ਆਪ ਨਾਲ ਕਰ ਕੇ ਵੀ ਸੀਨੇ ਦਾ ਭਾਰ ਘਟਾਇਆ ਜਾ ਸਕਦਾ ਹੈ। ਇੱਕ ਅੰਗ੍ਰੇਜ਼ੀ ਦੀ ਕਵਿਤਾ ਪੜ੍ਹੀ ਸੀ ਕਿ ਰੋਵੋ ਤਾਂ ਇਕੱਲਿਆਂ ਹੀ ਹੰਝੂ ਕੇਰਨੇ ਪੈਂਦੇ ਹਨ ਪਰ ਹਸਦਿਆਂ ਨਾਲ ਦੁਨੀਆਂ ਸਾਥ ਦੇਵੇਗੀ। ਇਕੱਲਿਆਂ ਦੁੱਖ ਜਰਨ ਦੀ ਰਾਬਿੰਦਰ ਨਾਥ ਟੈਗੋਰ ਦੁਆਰਾ ਲਿਖੀ ਇੱਕ ਕਹਾਣੀ ਬੀ.ਏ. ਵਿਚ ਪੜ੍ਹੀ ਸੀ। ਕਹਾਣੀ ਦੀ ਨਾਇਕਾ, ਸੁਭਾ ਇੱਕ ਗੂੰਗੀ ਲੜਕੀ ਹੈ ਜਿਸ ਨੂੰ ਘਰ ਦੇ ਬੋਲ਼ੀ ਵੀ ਸੋਚਦੇ ਉਸ ਦੇ ਮੂੰਹ ਤੇ ਹੀ ਬੁਰਾ ਭਲਾ ਆਖਦੇ ਰਹੇ। ਉਹ ਗਾਈਆਂ ਚਾਰਨ ਗਈ ਬਾਹਰ ਰੋ ਕੇ ਆਉਂਦੀ ਸੀ। ਇੱਕ ਦਿਨ ਉਸ ਨੇ ਗਾਂ ਦੇ ਗਲ਼ ਬਾਹਾਂ ਪਾ ਕੇ ਬਹੁਤ ਹੰਝੂ ਕੇਰੇ ਤਾਂ ਗਾਂ ਦੀਆਂ ਅੱਖਾਂ ਵਿੱਚੋਂ ਵੀ ਹੰਝੂ ਵਗ ਪਏ। ਇਉਂ ਕੁਦਰਤ ਸਾਡਾ ਸਿਰ ਪਲੋਸਦੀ ਹੈ। ਦੁੱਖ ਤੋਂ ਧਿਆਨ ਪਾਸੇ ਕਰਨ ਲਈ ਆਪਣੀਆਂ ਸੋਚਾਂ ਦੇ ਹਾਣ ਦਾ ਸ਼ੌਕ ਪਾਲਣਾ ਜ਼ਰੂਰੀ ਹੈ। ਇਹ ਸ਼ੌਕ ਅੱਖਰਾਂ ਦਾ, ਕਿਤਾਬਾਂ ਦਾ, ਰੇਡੀਓ ਦਾ ਜਾਂ ਬਗੀਚੀਪਣੇ ਦਾ ਵੀ ਹੋ ਸਕਦਾ ਹੈ। ਸ਼ੌਕ ਪੂਰਦਿਆਂ ਮਨ ਭਟਕਦਾ ਨਹੀਂ ਤੇ ਦੁੱਖ ਯਾਦ ਹੀ ਨਹੀਂ ਰਹਿੰਦਾ। ਦੂਜਾ ਆਸ, ਵਿਸ਼ਵਾਸ ਤੇ ਸ਼ਰਧਾ ਜਾਂ ਆਸਥਾ ਵੱਡਾ ਧਰਵਾਸ ਬਣਦੇ ਹਨ। ਤੁਸੀਂ ਹੋਰਾਂ ਦੇ ਦੁੱਖ ਵਿਚ ਸਹਾਈ ਹੋ ਕੇ ਵੀ ਸੌਖ ਮਹਿਸੂਸ ਕਰ ਸਕਦੇ ਹੋ। ਕਿਸੇ ਨੇ ਕਮਾਲ ਦਾ ਸ਼ਿਅਰ ਲਿਖਿਆ ਹੈ -

**ਤੁਮਹਾਰੇ ਦਿਲ ਕੀ ਚੁਭਨ ਭੀ ਜ਼ਰੂਰ ਕਮ ਹੋਗੀ,**
**ਕਿਸੀ ਕੇ ਪਾਓਂ ਸੇ ਕਾਂਟਾ ਨਿਕਾਲ ਕਰ ਦੇਖੋ।**

ਸਿਆਣੇ ਕਹਿੰਦੇ ਨੇ ਕਿ ਇਕੱਲੇ ਜੀਣਾ ਆ ਹੀ ਜਾਂਦਾ ਹੈ, ਜਦੋਂ ਸਮਝ ਆ ਜਾਏ ਕਿ ਨਾਲ ਚਲਣ ਵਾਲਾ ਕੋਈ ਹੈ ਨਹੀਂ। ਸਮਾਂ ਬਹੁਤ ਸਮਰੱਥ ਹੈ, ਉਸ ਤੇ ਵਿਸ਼ਵਾਸ ਕੀਤਿਆਂ ਹੀ ਸਭ ਬਦਲਦਾ ਹੈ। ਕੁੱਝ ਵੀ ਹੋਵੇ ਸਾਡਾ ਦੁਖੀ ਮਨ ਕਿਸੇ ਧਰਵਾਸ ਦੀ, ਕਿਸੇ ਆਸ ਦੀ ਸ਼ਰਣ ਜ਼ਰੂਰ ਤਲਾਸ਼ਦਾ ਹੈ।

**ਦਿਲ ਲੋਚਦਾ ਬੜਾ ਹੈ ਕੋਈ ਹਾਲ ਚਾਲ ਪੁੱਛੇ,**
**ਪੁੱਛੇ ਨਾ ਉੱਤੋਂ ਉੱਤੋਂ ਜੀਅ ਜਾਨ ਨਾਲ ਪੁੱਛੇ।**
**ਦਿਲ ਜੋ ਇਹ ਟੁਕੜੇ ਟੁਕੜੇ ਕੋਈ ਜੋੜਦੇ ਮਸੀਹਾ,**
ਆਇਆ ਅਰਾਮ ਕਿ ਨੀ ਫਿਰ ਪਿਆਰ ਨਾਲ ਪੁੱਛੇ।

(ਸੁਰਿੰਦਰ ਘਣੀਆਂ)

---

# ਮੁੰਡੀਹਰ

ਕਦੇ ਸਾਡੇ ਪਿੰਡ ਦੇ ਮੁੰਡਿਆਂ ਨੂੰ
ਗੱਭਰੂ, ਚੋਬਰ, ਦਰਸ਼ਨੀ ਜਵਾਨ
ਜਾਂ ਫਿਰ ਬਾਕਾਂ ਛੈਲ-ਛਬੀਲਾ ਕਿਹਾ ਜਾਂਦਾ ਸੀ ।
ਉਹ ਜਿਹੜੇ ਪਾਸੇ ਵੀ ਜਾਂਦੇ ਸਨ,
ਜਿੱਤ ਉਨ੍ਹਾਂ ਦੇ ਪੈਰ ਚੁੰਮਦੀ ਸੀ ।
ਵੱਡਿਆਂ ਦੇ ਪੈਰੀਂ ਹੱਥ,
ਬਰਾਬਰ ਦੇ ਹਾਣੀਆਂ ਨੂੰ ਗੱਲਵਕੜੀ
ਅਤੇ ਛੋਟੇ ਬੱਚਿਆਂ ਨੂੰ ਗੋਦੀ ਵਿੱਚ ਲੈ ਕੇ ਦੁਲਾਰਨਾ
ਉਨ੍ਹਾਂ ਦਾ ਨਿੱਤ ਨੇਮ ਸੀ ।
ਮਾਂ-ਬਾਪ ਦੇ ਸਰਵਣ ਪੁੱਤ ਸਨ ਉਹ !
ਖੇਤਾਂ ਦੀ ਮਿੱਟੀ ਨੂੰ ਜਰਖੇਜ਼ ਕਰਨਾ
ਅਤੇ ਫਸਲ ਬੀਜਣ ਤੋਂ ਵੱਢਣ ਤੱਕ
ਉਨ੍ਹਾਂ ਦਾ ਖੇਤ ਹੀ ਘਰ ਬਣ ਜਾਂਦਾ ਸੀ ।
ਕਿਰਤ ਦਾ ਸੰਕਲਪ
ਉਨ੍ਹਾਂ ਦੇ ਅੰਗ-ਸੰਗ ਸੀ ।
ਮੋਹ, ਅਪਣੱਤ,ਸਤਿਕਾਰ, ਰਿਸ਼ਤਿਆਂ ਦੀ
ਲਾਜ ਰੱਖਣ ਦੀ ਜਾਚ ਉਨ੍ਹਾਂ ਦੇ ਅੰਗ-ਸੰਗ ਸੀ ।
ਸਰਵਣ ਪੁੱਤਾਂ ਵਾਲੀਆਂ ਬਹਿੰਗੀਆਂ ਵੀ
ਉਨ੍ਹਾਂ ਦੇ ਹੱਥਾਂ ਦਾ ਸਿੰਗਾਰ ਸਨ ।
ਸਾਂਝੇ ਚੁੱਲ੍ਹੇ ਦੀ ਮੱਠੀ-ਮੱਠੀ ਅੱਗ ਤੇ
ਮਾਂ ਦੀਆਂ ਪੱਕੀਆਂ ਰੋਟੀਆਂ ਅਤੇ ਕਾੜ੍ਹਨੀ ਦਾ ਦੁੱਧ
ਜ਼ਿੰਦਗੀ ਵਿੱਚ ਮੁਹੱਬਤੀ ਰੰਗ ਭਰ ਦਿੰਦਾ ਸੀ ।
ਪਰ ਹੁਣ ਸਮੇਂ ਨੇ ਕਰਵਟ ਬਦਲੀ ਹੈ ।
ਸਾਡੇ ਮੁੰਡਿਆਂ ਦਾ ਵੱਡਾ ਹਿੱਸਾ
ਹੁਣ ਮੁੰਡੀਹਰ ਵਿੱਚ ਬਦਲ ਗਿਆ ਹੈ ।
ਮੁੰਡੀਹਰ, ਜਿਨ੍ਹਾਂ ਨੇ ਨੈਤਿਕ ਕਦਰਾਂ-ਕੀਮਤਾਂ ਨੂੰ
ਤਿਲਾਂਜਲੀ ਦੇ ਦਿੱਤੀ ਹੈ ਅਤੇ ਸਰਵਣ ਪੁੱਤਾਂ ਦੀਆਂ
ਬਹਿੰਗੀਆਂ ਵੀ ਹੁਣ ਉਦਾਸ ਨੇ------ਬਹੁਤ ਹੀ ਉਦਾਸ !
ਬਾਪ ਨੂੰ ਚੌਰਾ, ਬੁੱਢਾ ਖੁੰਢ, ਕੁੱਤਾ, ਕਮੀਨਾ, ਲੰਡਰ,
ਅਤੇ ਮਾਂ ਨੂੰ ਕੁੱਤੀ, ਕਮੀਨੀ, ਫਫੇ ਕੁੱਟਣੀ
ਜਿਹੇ ਕੋਝੇ ਵਿਸ਼ੇਸ਼ਣਾਂ ਅਤੇ ਤੈਜ਼ਾਬੀ ਬੋਲਾਂ ਨਾਲ
ਮਾਂ-ਪਿਓ ਦਾ ਕਾਲਜਾ ਛਲਨੀ ਕਰ ਦਿੰਦੇ ਨੇ ।
ਕਿਰਤ ਦਾ ਸੰਕਲਪ
ਮੁੰਡੀਹਰ ਤੋਂ ਕੋਹਾਂ ਦੂਰ ਹੈ ।
ਉਦਾਸ ਖੇਤ ਪਰਵਾਸੀ ਮਜ਼ਦੂਰਾਂ ਦੇ ਹਵਾਲੇ ਨੇ ।
ਬਾਪ ਵੱਲੋਂ ਉਸਾਰੇ ਮੋਟਰ ਵਾਲੇ ਕਮਰੇ ਵਿੱਚ
ਸ਼ਰਾਬ ਦੀਆਂ ਬੋਤਲਾਂ ਦੇ ਡਾਟ ਵੀ ਖੁੱਲ੍ਹਦੇ ਨੇ ।
ਚਿੱਟੇ ਨਾਲ ਭਰੀਆਂ ਢਾਈ-ਤਿੰਨ ਇੰਚ ਦੀਆਂ
ਸਰਿੰਜਾਂ ਨਾਲ ਬਾਹਾਂ ਵੀ ਵਿੰਨ੍ਹੀਆਂ ਜਾਂਦੀਆਂ ਨੇ
ਅਤੇ ਇਹ ਸਭ ਕੁੱਝ ਕਰਕੇ
ਮੁੰਡੀਹਰ ਵਹਿਸ਼ੀ ਹਾਸਾ ਹੱਸਦੀ ਹੈ ।
ਸਾਂਝੀ ਵਾਲਤਾ, ਸਦ ਭਾਵਨਾ ਅਤੇ
ਭਾਈਚਾਰਕ ਤੰਦਾਂ ਦੀ ਤਾਣੀ ਉਲਝ ਗਈ ਹੈ ।
ਨਸ਼ਿਆਂ ਕਾਰਨ ਕਮਲੀ ਬੌਲੀ ਹੋਈ ਮੁੰਡੀਹਰ
ਹੁਣ ਪਹਾੜਾਂ ਨਾਲ ਟੱਕਰ ਨਹੀਂ ਲੈਂਦੀ,
ਸਗੋਂ ਕੰਧਾਂ ਨਾਲ ਟੱਕਰਾਂ ਮਾਰਦੀ ਹੈ ।
ਮਾਂ-ਬਾਪ ਦੇ ਚਿਹਰਿਆਂ ਦੀਆਂ ਝੁਰੜੀਆਂ,
ਘੋਰ ਉਦਾਸੀ, ਡਿਗੂੰ-ਡਿਗੂੰ ਕਰਦੇ ਅੱਥਰੂ
ਅਤੇ ਅੰਦਰੋਂ ਪੈ ਰਹੇ ਹੌਲਾਂ ਨੂੰ
ਮੁੰਡੀਹਰ ਟਿਚ ਸਮਝਦੀ ਹੈ ।



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ
ਕੇਂਦਰ,ਸੰਗਰੂਰ ।
ਮੋ:94171-48866

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Contact only Jatt Sikh families. Contact: (403) 828 7973 or acheema8811@gmail.com ***205***

## ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ, ਸਖਤ ਮਿਹਨਤੀ ਅਤੇ ਪਰਿਵਾਰਕ ਕਦਰਾਂ ਕੀਮਤਾਂ ਦੀ ਕਦਰ ਕਰਨ ਵਾਲੇ ਕੈਲਗਰੀ ਰਹਿੰਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਦੀ ਡਿਗਰੀ ਹੋਲਡਰ ਲੜਕੇ ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਲੋੜ ਹੈ। ਲੜਕਾ ਨਾਨ ਡਰਿੰਕਰ ਹੈ ਅਤੇ ਇਸ ਵੇਲੇ ਸਾਫਟਵੇਅਰ ਡਿਵੈਲਪਮੈਂਟ ਕੰਪਨੀ ਵਿੱਚ ਬਿਜਨਿਸ ਅਨੈਲਸਿਸਟ ਵੱਜੋਂ ਜੌਬ ਕਰ ਰਿਹਾ ਹੈ। ਸੰਪਰਕ: 403 561 6016 ਜਾਂ Parm41681@gmail.com ***200***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 908 0011 ਜਾਂ 1 204 421 7001 ***205***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨਦੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ, ਡਬਲ ਐਮ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 639 883 0000 ***205***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸਿੱਖ ਰਾਜਪੂਤ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 9 ਇੰਚ, ਕਲੀਨਸੇਵ,ਨਾਨ ਡਰਿੰਕਰ,ਨਾਨ ਵੈਜੀਟੇਰੀਅਨ, ਵਿੰਡਸਰ ਯੂਨੀਵਰਿਸਟੀ ਤੋਂ ਕੰਪਿਊਟਿਰ ਸਾਇੰਸ ਗਰੈਜੂਏਟ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ 75000 ਡਾਲਰ ਪਲੱਸ ਬੈਨੀਫਿਟ ਸਾਫਟਵੇਅਰ ਇੰਜੀਨੀਅਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਪਿਤਾ ਦਾ ਆਪਣਾ ਬਿਜਨਿਸ ਹੈ। ਸੰਪਰਕ: 1 647 629 7764 ਜਾਂ ਵਟਸਐਪ: 9815012079***201***

## ਲੜਕੇ ਦੀ ਲੋੜ

ਜੱਟ ਸਿੱਖ ਘੁਮਾਣ ਪਰਿਵਾਰ ਦੀ ਲੜਕੀ 1991, ਕੱਦ 5 ਫੁੱਟ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ, ਬੈਚੁਲਰਜ ਇਨ ਪਬਲਿਕ ਹੈਲਥ ,ਹੁਣ ਵਰਕ ਪਰਮਿਟ ਤੇ ਕੰਮ ਕਰਦੀ ਲੜਕੀ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਜਾਂ ਵਰਕ ਪਰਮਿਟ ਵਾਲਾ ਵੀ ਵਿਚਾਰਨ ਯੋਗ ਹੈ। । ਵਟਸਐਪ: 9417969248 ਜਾਂ 403 690 2947 e Mail: amardhaliwalca@yahoo.ca ***205***

## ਲੜਕੀ ਦੀ ਲੋੜ

Ramgharia PR Gursikh boy. Age 32 height 5’10”. M. Tech from India in mechanical. Now doing construction work. All family set in Calgary Call: 604 906 7722 or 587 703 2566. ***200***

## ਲੜਕੇ ਦੀ ਲੋੜ

ਜੱਟ ਸਿੱਖ ਸੰਧੂ ਪਰਿਵਾਰ ਦੀ ਪੰਜਾਬ ਰਹਿੰਦੀ ਖੂਬਸੂਰਤ ਲੜਕੀ ਉਮਰ 31 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀ ਟੈਕ, ਐਮ ਟੈਕ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਇਸ ਵੇਲੇ ਅੰਮ੍ਰਿਤਸਰ ਅਸਿਸਟੈਂਟ ਪ੍ਰੋਫੈਸਰ ਵੱਜੋਂ ਜੌਬ ਕਰ ਰਹੀ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਦੇ ਵਿਨੀਪੈਗ ਸਹਿਰ ਸੈਟਲਡ ਹਨ ਸੰਪਰਕ : 204 914 3200 ***200***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਉਮਰ 29 ਸਾਲ ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ : BCA,Msc (IT) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ, ਪੜ੍ਹੇ ਲਿਖੇ, ਪਗੜੀਧਾਰੀ ਸਰਦਾਰ ਲੜਕੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ :1 604 961 9241 ਜਾਂ ਵਟਸੱਅਪ +91 98558 90334 ***200***

## ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੇ ਪਲੱਸ ਟੂ ਪਾਸ ਵਿਜਟਿਰ ਵੀਜੇ ਉੱਪਰ ਆਏ ਲੜਕੇ, ਉਮਰ 24 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ ਸੰਪਰਕ: 1 306 450 0239 ***204***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਪਨੇਸਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 10 ਇੰਚ, ਯੂਨੀਵਰਿਸਟੀ ਆਫ ਕੈਲਗਰੀ ਤੋਂ ਸਿਵਲ ਇੰਜੀਨੀਅਰ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸਿਟੀ ਆਫ ਕੈਲਗਰੀ ਵਿਖੇ ਸਰਕਾਰੀ ਜੌਬ ਉੱਪਰ ਹੈ । ਸੰਪਰਕ: 403 560 0934 ***204***

## ਲੜਕੇ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੀ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : Master’s in Software Engineering from McGill University (Montreal) and Bachelor’s in Electronics & Com। Engineering from India ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਹੀ ਰਹਿੰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਹੁਣ ਸੌਫਟ ਇੰਜੀਨੀਅਰ ਦੇ ਤੌਰ ਤੇ ਕੰਮ ਕਰ ਰਹੀ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 778 836 3046, 1 (647) 763-4584 ***204***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਆਹਲੂਵਾਲੀਆ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਮਾਸਟਰ ਇਨ ਆਈ ਟੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਲੜਕੀ ਦਾ ਵੱਡਾ ਭਰਾ ਕੈਲਗਰੀ ਪੱਕੇ ਤੌਰ ਤੇ ਸੈਟਲਡ ਹੈ। ਸੰਪਰਕ : 1 306 881 7883 ahluwalia_1986@yahoo.com ***204***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***203***

## ਲੜਕੇ ਦੀ ਲੋੜ

ਇੰਡੀਆ ਤੋਂ ਇੰਗਲੈਂਡ (ਲੰਡਨ) ਵਿੱਚ ਪੜ੍ਹਨ ਲਈ ਆਈ ਹਿੰਦੂ ਅਰੋੜਾ ਪਰਿਵਾਰ ਦੀ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮੰਗਲੀਕ ਨਹੀ ਅਤੇ ਉਸਦੀ ਉਮਰ 31 ਸਾਲ ਹੈ। ਲੜਕੀ ਦੀ ਪੜ੍ਹਾਈ ਪੂਰੀ ਹੋ ਚੁੱਕੀ ਹੈ ਅਤੇ ਹੁਣ ਵਾਪਿਸ ਜਾਕੇ ਵਿਆਹ ਇੰਡੀਆ ਵਿੱਚ ਕਰਨਾ ਹੈ। ਪਰਿਵਾਰ ਵਿੱਚ ਲੜਕੀ ਦੀ ਮਾਂ ਹੈ ਅਤੇ ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਸੈਟਲ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ । ਵਰਕ ਪਰਮਿਟ ਉੱਪਰ ਆਏ ਲੜਕੇ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 780 257 2020 ***203***

## ਲੜਕੀ ਦੀ ਲੋੜ

Looking for a suitable girl for Canadian citizen Ramgharia boy, age 29 years, height - 5'9. Education - Diploma in business - finance 2 years, Red seal autobody technician 4 years. Work - autobody refinisher in an autobody Shop. Living in Canada for 10 years. Contact: 403-880-4806, 403-607-0413 ***203***

## ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ । ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***200***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਢਿੱਲੋਂ ਪਰਿਵਾਰ Well known Dhillon family in Bathinda city, Upper Middle Class ਦੇ ਸੋਹਣੇ ਸੁਨੱਖੇ ਸਰਕਾਰੀ ਜੌਬ ਕਰਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 298 5591***198***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 35 ਸਾਲ ,ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਡਿਵੋਰਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 778 682 4844 ਜਾਂ 1 431 998 0513 ***201***

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਆਟੋਮੋਬਾਇਲ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:403 466 6317 ਜਾਂ 403 402 7511***201***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਬਡਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ : ਕੰਪਿਊਟਿਰ ਸਿਸਟਮ ਟੈਕਨੀਸ਼ਨ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 639 999 2726 ***201***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਜਲੰਧਰ ਜਿਲੇ ਨਾਲ ਸਬੰਧਿਤ ਹਿੰਦੂ ਖੱਤਰੀ ਪਰਿਵਾਰ ਦੀ ਵਿਧਵਾ ਲੜਕੀ ,ਉਮਰ 34 ਸਾਲ, ਵਿਦਿਅਕ ਯੋਗਤਾ :ਸੀ ਏ , ਸੀ ਐਫ ਏ ਲੈਵਲ ਵਨ ਅਤੇ ਬੀ ਕਾਮ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਰਿਸ਼ਤਾ ਹਿੰਦੂ ਜਾਂ ਸਿੱਖ ਖੱਤਰੀ ਪਰਿਵਾਰ ਦਾ ਹੀ ਵਿਚਾਰਿਆ ਜਾਵੇਗਾ ਪਰ ਕਨੇਡੀਅਨ ਰਿਸ਼ਤੇ ਨੂੰ ਪਹਿਲ ਹੋਵੇਗੀ।ਲੜਕੀ ਕੋਲ ਇੱਕ ਬੇਟਾ ਹੈ ਜਿਸ ਦੀ ਉਮਰ 7 ਸਾਲ ਹੈ। ਸੰਪਰਕ: 587 830 6511 ਜਾਂ 919417327521 ***201***

## ਜੀਵਨ ਸਾਥਣ ਦੀ ਲੋੜ

ਕਨੇਡਾ ਵਿਜਟਿਰ ਵੀਜਾ ਉੱਪਰ ਆਏ ਆਹਲੂਵਾਲੀਆਂ ਪਰਿਵਾਰ ਦੇ ਹਾਲੇ ਤੱਕ ਅਨਮੈਰਿਡ ,ਉਮਰ 55 ਸਾਲ,ਕੱਦ 5 ਫੁੱਟ 9 ਇੰਚ, ਇੰਗਲਿਸ਼ ਐਜੂਕੇਟਿਡ,ਡਿਪਲੋਮਾਂ ਇਨ ਇਲੈਕਟਰੋਨਿਕਸ, ਜਿਹਨਾਂ ਨੂੰ ਥੋੜੀ ਬੋਲਣ ਅਤੇ ਸੁਣਨ ਦੀ ਸਮੱਸਿਆ ਹੈ, ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੀ ਲੋੜ ਹੈ। ਮੌਜੂਦਾ ਸਮੇਂ ਉਹ ਗੁੜਗਾਉਂ ਇਲੈਟਰੋਨਿਕਸ ਇੰਡਸਟਰੀ ਵਿੱਚ ਜੌਬ ਕਰਦੇ ਹਨ। ਉਹਨਾਂ ਦੇ ਮਾਤਾ ਪਿਤਾ ਅਤੇ ਭਰਾ ਕਨੇਡਾ ਹੀ ਸੈਟਲ ਹਨ। ਤਲਾਕ ਸ਼ੁਦਾ ਜਾਂ ਵਿਧਵਾ, ਸਰੀਰਕ ਤੌਰ ਤੇ ਡਿਸਐਵਿਲਿਟੀ ਵਾਲੀ ਔਰਤ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 613 619 6419 **200**

## ਲੜਕੇ ਦੀ ਲੋੜ

Respectable well educated simple Sikh Saini family seeking a suitable match for their beautiful daughter birth 89,5’5”tall,Canadian citizen, bachelor with honours from university of Calgary and well settled in Calgary. The boy should be Canadian/ US citizen ,professionally well educated,clean shaven, good looking tall handsome with modern values. Please contact with recent picture and bio data of the boy to raminder5@hotmail.com or call 403 400 7413. ***201***

## ਲੜਕੇ ਦੀ ਲੋੜ

ਆਸਟਰੇਲੀਆ ਪੱਕੀ, ਜੱਟ ਸਿੱਖ, ਜਨਵਰੀ 1987, ਕੱਦ 5 ਫੁੱਟ 6 ਇੰਚ, ਆਰ ਐਨ ਦੀ ਜੌਬ ਕਰਦੀ ਲੜਕੀ ਲਈ ਪੜ੍ਹੇ ਲਿਖੇ ਕਲੀਨਸ਼ੇਵ,ਚੰਗੀ ਜਾਇਦਾਦ ਵਾਲੇ,ਆਸਟਰੇਲੀਆ ਵਿੱਚ ਕੱਚੇ ਜਾਂ ਕਨੇਡੀਅਨ ਪੀ ਆਰ ਲੜਕੇ ਦੇ ਰਿਸਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਵਟਸਅੱਪ ਕਾਲ ਜਾਂ ਮੈਸੇਜ ਕਰ ਸਕਦੇ ਹੋ । ਸੰਪਰਕ: 1 306 850 7047 ਜਾਂ 9815514808 ***200***

## ਲੜਕੀ ਦੀ ਲੋੜ

ਖ਼ਾਨਦਾਨੀ , ਇਮਾਨਦਾਰ ਪਰੀਵਾਰ ਦੇ ਟਾਂਕ ਕਸ਼ਤਰੀਆ ਸਰਾਂ ਦਰਜੀ “ਸਿੱਖ ,ਨਸ਼ਿਆਂ ਤੋ ਰਹਿਤ, ਵਿਦਿਅਕ ਯੋਗਤਾ : M. Sc. - ਬਾਗਬਾਨੀ (HORTICULTURE) ਕੱਦ 6 ਫੁੱਟ, ਇੰਡੀਆ ਰਹਿੰਦੇ ਮਿਹਨਤੀ ਇੱਕਲੋਤੇ ਲੜਕੇ ਲਈ ਕਨੇਡੀਅਨ ਇੰਮੀਗਰਾਟ ਜਾਂ ਸਿਟੀਜਨ ਲੜਕੀ ਦੀ ਜ਼ਰੂਰਤ ਹੈ ।ਲੜਕੇ ਦਾ ਦਾਦਕਾ ਪਰੀਵਾਰ ਕਨੇਡਾ ਵਿੱਚ ਵੈਲ ਸ਼ੈਟਲਡ ਹਨ; ਸੰਪਰਕ : 1- 416-509-6200 +917696774832 ***200***

## ਲੜਕੀ ਦੀ ਲੋੜ

ਇੰਡੀਆ ਰਹਿੰਦੇ ਮਠਾੜੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ B.tech (IT) ਮੌਜੂਦਾ ਸਮੇ Quality Analyst (Software tester) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 835 1983 ***200***

## ਲੜਕੀ ਦੀ ਲੋੜ

ਇੰਡੀਆ ਰਹਿੰਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਰਾਮਗੜੀਆ ਰੀਹਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 1994, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਕੰਪਿਊਟਿਰ ਐਪਲੀਕੇਸ਼ਨ,,ਸੀ ਐਨ ਸੀ ਪਲੱਸ ਆਟੋ ਕਾਰਡ, ਐਮ ਬੀ ਏ (ਐਚ ਆਰ ਐਂਡ ਮਾਰਕੀਟਿੰਗ) ਅਤੇ ਮੌਜੂਦਾ ਸਮੇ ਆਈ ਸੀ ਆਈ ਸੀ ਆਈ ਬੈਂਕ ਵਿੱਚ ਅਸਿੱਸਟੈਂਟ ਮੈਨਜਰ ਦੀ ਜੌਬ ਕਰ ਰਹੇ ਲਈ , ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੇ ਪਿਤਾ ਦਾ ਆਪਣਾ ਬਿਜਨਿਸ ਹੈ। ਸੰਪਰਕ: 403 479 0616 ਜਾਂ 98145 65265 ***200***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***

## ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸਿੱਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

“ਪੰਜਾਬੀ ਅਖ਼ਬਾਰ” ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

ਅੱਜ ਹੀ ਕਾਲ ਕਰੋ:
403 680 0436

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ “ਐਲ ਐਮ ਆਈ ਵੀ ਮਿਲ ਜਾਵੇਗੀ “ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ “403 614 2094 ਜਾਂ 403 402 5615

ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com

## Name change

I, RAKESH KUMAR son of KRISHAN GIR, holder of Indian **Passport No. K1461531,** issued at JALANDHAR, on 27/11/2012, permanent resident of VILL: RASULPUR,TEH: PHILLAUR, JALANDHAR, PIN:144410, PUNJAB, INDIA and presently residing at 7253 LAGUNA WAY, NE, CALGARY (ALBERTA) T1Y7B9Canada, do hereby change my name from **RAKESH KUMAR** to **RICKY GIR**, with immediate effect.
Date:13 JULY 2022 Cont.: 587-830 7004

## Name change

I, PAWANDEEP daughter of MOHAN LAL, holder of Indian **Passport No. S 1532669,** issued at SANFRANCISCO,on15/06/2018, permanent resident of MOHALLA SUDHIRAN, HADIABAD PHAGWARA, KAPURTHALA -144401, PUNJAB, INDIA and presently residing at 7253 LAGUNA WAY, NE, CALGARY (ALBERTA) T1Y7B9 Canada, do hereby change my name from **PAWANDEEP** to **PAWANDEEP GIR BAWA**, with immediate effect.
Date: 13 JULY 2022 Cont.: 587 707 2014

# ਓਨਟਾਰੀਓ ਵਾਲਿਓ ਇਕੱਲੀ ਫੀਸ ਮੁਆਫ ਹੋਈ ਐ ਪਰ ਪਲੇਟਾਂ ਰੀਨਿਊ ਤਾਂ ਕਰਵਾਉਣੀਆਂ ਹੀ ਪੈਣੀਆਂ ਹਨ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) –ਓਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਇਸ ਸਾਲ ਦੇ ਸ਼ੁਰੂ ਦੇ ਵਿਚ ਐਲਾਨ ਕੀਤਾ ਸੀ ਕਿ ਸੂਬੇ ਦੇ ਡਰਾਈਵਰਾਂ ਕੋਲੋਂ ਲਾਇਸੈਂਸ ਪਲੇਟਾਂ ਰੀਨਿਊ ਕਰਵਾਉਣ ਦੀ ਫੀਸ ਨਹੀਂ ਵਸੂਲੀ ਜਾਵੇਗੀ ਪਰ ਲਾਈਸੈਂਸ ਪਲੇਟਾਂ ਰੀਨਿਊ ਕਰਵਾਉਣੀਆਂ ਜ਼ਰੂਰੀ ਹੋਣਗੀਆਂ। ਪਰ ਲੱਗਦਾ ਹੈ ਸੂਬੇ ਦੇ ਬਹੁਤ ਸਾਰੇ ਡਰਾਈਵਰ ਫੀਸ ਨਾ ਵਸੂਲੇ ਜਾਣ ਨੂੰ ਪਲੇਟਾਂ ਰੀਨਿਊ ਨਾ ਕਰਵਾਉਣ ਨਾਲ ਜੋੜ ਰਹੇ ਹਨ ਅਤੇ ਆਪਣੀਆਂ ਪਲੇਟਾਂ ਰੀਨਿਊ ਨਹੀਂ ਕਰਵਾ ਰਹੇ । ਇਸ ਤਰ੍ਹਾਂ ਦੇ ਬਹੁਤ ਸਾਰੇ ਮਾਮਲੇ –ਟਾਰੀ– ਪੁਲੀਸ ਦੇ ਧਿਆਨ ਵਿੱਚ ਆਏ ਹਨ ਜਿਸ ਤੋਂ ਬਾਅਦ ਹੁਣ ਉਂਟਾਰੀ– ਪੁਲੀਸ ਵੱਲੋਂ ਸੂਬੇ ਦੇ ਡਰਾਈਵਰਾਂ ਨੂੰ ਜਲਦ ਤੋਂ ਜਲਦ ਆਪਣੀਆਂ ਲਾਈਸੈਂਸ ਪਲੇਟਾਂ ਰੀਨਿਊ ਕਰਵਾਉਣ ਲਈ ਆਖਿਆ ਜਾ ਰਿਹਾ ਹੈ ਨਹੀਂ ਤਾਂ ਉਨ੍ਹਾਂ ਕੋਲੋਂ ਭਾਰੀ ਜੁਰਮਾਨੇ ਵਸੂਲੇ ਜਾਣਗੇ ਤੇ ਅਜਿਹੇ ਕਈ ਡਰਾਈਵਰਾਂ ਨੂੰ 500 ਡਾਲਰ ਤਕ ਦੀਆਂ ਟਿਕਟਾਂ ਦਿੱਤੀਆ ਜਾ ਚੁੱਕੀਆਂ ਹਨ ।

## ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***

## Hiring !

Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract
Email: dclogistics4@gmail.com
Phone : 204-396-1696 , 204-891-0031

## Hiring

Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

# Calgary Transit offering discounted monthly passes for summer

Calgary (Punjabi Akhbaar Bureau) As Calgarians are heading into what is sure to be a great summer in the city, Calgary Transit is offering discounted monthly passes for August and September 2022. Both adult and youth monthly passes will be $56, which is a 50 per cent discount on regular adult monthly passes, and a 30 per cent discount on youth passes. The City of Calgary has a ton of activities that you can take part in and that you can get to easily on transit:

" There's a huge selection of free activities for your family to take part in throughout the city. You can find them at www.calgary.ca/free, and plan your trip at www.calgarytransit.com

" Did you know we offer cemetery tours? You can learn about the ordinary folks who did extraordinary things on one of our cemetery tours held on weekends throughout the summer, all within walking distance of Erlton Stampede Station. Register for a tour at https://www.calgary.ca/csps/parks/cemeteries/tours.html

" Close to Erlton Stampede Station, Reader Rock Garden is one of Calgary's most unique cultural landscapes and the first Legacy Park to open. Its historical flower and rock garden is a must see.

" With open lawn spaces, picnic areas, a playground, rain garden and unique sculptural elements, the recently redeveloped Jack Long Park in Inglewood is a great place to spend a summer day. The park is served by several bus routes, so you'll have no problem getting there for your visit.

With so many opportunities in Calgary to participate in activities and events, transit is a great way to make your way around the community and beyond.Discounted passes can be purchased beginning July 15 in person at local vendors and Calgary Transit Customer Service Centres, or electronically, using My Fare, our mobile ticketing app. You can also buy your discounted pass online at calgarytransit.com/Shop.

# ਪੈਟ੍ਰਿਕ ਬ੍ਰਾਊਨ ਵੱਲੋਂ ਫਿਰ ਤੋਂ ਬਰੈਂਪਟਨ ਦੇ ਮੇਅਰ ਦੀ ਚੋਣ ਲੜਨ ਦਾ ਐਲਾਨ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਜਿਨ੍ਹਾਂ ਨੂੰ ਫੈਡਰਲ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਰੇਸ ਤੋਂ ਅਯੋਗ ਕਰਾਰ ਦੇ ਦਿੱਤਾ ਗਿਆ ਸੀ, ਵੱਲੋਂ ਫਿਰ ਤੋਂ ਬਰੈਂਪਟਨ ਦੇ ਮੇਅਰ ਵੱਜੋਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ। ਬੀਤੇ ਦਿਨੀ ਬਰੈਂਪਟਨ ਦੇ ਸਿਟੀ ਹਾਲ ਵਿੱਚ ਆਪਣੀ ਪਤਨੀ ਅਤੇ ਬੱਚਿਆਂ ਸਮੇਤ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਉਪਰੰਤ ਆਪਣੇ ਸਮਰਥਕਾਂ ਦੇ ਨਾਲ ਮੌਜੂਦ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਮੈਨੂੰ ਬਰੈਂਪਟਨ ਦੀ ਸੇਵਾ ਕਰਨਾ ਵਧੀਆ ਲੱਗਦਾ ਹੈ ਤੇ ਮੈਂ ਅਗਲੇ ਚਾਰ ਸਾਲਾਂ ਲਈ ਫਿਰ ਤੋਂ ਬਤੌਰ ਮੇਅਰ ਸੇਵਾ ਨਿਭਾਉਣ ਲਈ ਤਿਆਰ ਹਾਂ । ਉਨ੍ਹਾਂ ਆਖਿਆ ਕਿ ਉਨ੍ਹਾਂ ਨੇ ਇਹ ਫ਼ੈਸਲਾ ਆਪਣੇ ਪਰਿਵਾਰ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਲਿਆ ਹੈ। ਵਰਨਣਯੋਗ ਹੈ ਕਿ ਪਿਛਲੇ ਹਫ਼ਤੇ ਪੈਟ੍ਰਿਕ ਬ੍ਰਾਊਨ ਦੇ ਬੁਲਾਰੇ ਨੇ ਆਖਿਆ ਸੀ ਕਿ ਅਜੇ ਉਹ ਮੇਅਰ ਦੀ ਚੋਣ ਲੜਨ ਬਾਰੇ ਕੋਈ ਵੀ ਫ਼ੈਸਲਾ ਨਹੀਂ ਲੈ ਸਕੇ ਹਨ ।

# ਵਧਦੀਆਂ ਵਿਆਜ਼ ਦਰਾਂ ਕਾਰਣ ਕਨੇਡਾ ਵਾਸੀ ਚਿੰਤਾ ਦੀ ਚੁੱਭੀ ਮਾਰ ਰਹੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਵਿੱਚ ਇੱਕ ਫੀਸਦ ਦਾ ਵਾਧਾ ਕਰਕੇ ਕੁੱਲ ਵਿਆਜ ਦਰ ਢਾਈ ਫੀਸਦੀ ਕਰ ਦਿੱਤੀ ਗਈ ਹੈ। ਹਾਲਾਂਕਿ ਬੈਂਕ ਆਫ ਕੈਨੇਡਾ ਵੱਲੋਂ ਇਹ ਕਦਮ ਤੇਜ਼ੀ ਨਾਲ ਵਧ ਰਹੀ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਚੁੱਕੇ ਗਏ ਦੱਸੇ ਜਾ ਰਹੇ ਹਨ। ਪਰ ਇਸ ਨਾਲ ਅਜੇ ਮਹਿੰਗਾਈ ਨੂੰ ਠੱਲ੍ਹ ਪਵੇਗੀ ਜਾਂ ਨਹੀਂ ਪਰ ਇਸ ਦਾ ਕੈਨੇਡਾ ਦੇ ਆਮ ਲੋਕਾਂ ਖਾਸ ਕਰਕੇ ਮਕਾਨ ਮਾਲਕਾਂ ਉੱਪਰ ਅਸਰ ਪੈਂਦਾ ਨਜ਼ਰ ਆ ਰਿਹਾ ਹੈ। ਵਿਆਜ ਦਰਾਂ ਵਧਣ ਤੋਂ ਬਾਅਦ ਲੋਕ ਆਰਥਿਕ ਦਹਿਸਤ ਅਤੇ ਭਵਿੱਖੀ ਚਿੰਤਾ ਦੇ ਸਮੁੰਦਰ ਵਿੱਚ ਡੁਬੇ ਹੋਏ ਹਨ।

# ਏਸ਼ੀਅਨ ਖਿੱਤੇ ਦੇ ਮਹਾਨ ਪੰਜਾਬੀ ਲੋਕ ਕਵੀ ਬਾਬਾ ਨਜਮੀ ਲਾਹੌਰੋਂ ਟੋਰੰਟੋ ਪੁੱਜੇ

## ਹਵਾਈ ਅੱਡੇ ਤੇ ਪੰਜਾਬੀ ਲੇਖਕਾਂ ਵੱਲੋਂ ਭਰਪੂਰ ਸੁਆਗਤ

ਟੋਰੰਟੋ (ਪੰਜਾਬੀ ਅਖਬਾਰ ਬਿਊਰੋ)- ਏਸ਼ੀਅਨ ਖਿੱਤੇ ਦੇ ਮਹਾਨ ਪੰਜਾਬੀ ਲੋਕ ਕਵੀ ਬਾਬਾ ਨਜਮੀ ਲਾਹੌਰੋਂ ਟੋਰੰਟੋ (ਕੈਨੇਡਾ) ਪਹੁੰਚ ਗਏ ਹਨ। ਹਵਾਈ ਅੱਡੇ ਤੇ ਉੱਘੇ ਪੰਜਾਬੀ ਲੇਖਕਾਂ ਇਕਬਾਲ ਮਾਹਲ, ਦਲਜੀਤ ਸਿੰਘ ਗੈਦੂ ਤੇ ਜਰਨੈਲ ਸਿੰਘ ਮਠਾਰੂ ਨੇ ਉਨ੍ਹਾਂ ਦਾ ਭਰਪੂਰ ਸੁਆਗਤ ਕੀਤਾ। ਅਗਲੇ ਦਿਨੀਂ ਉਹ ਕੈਨੇਡਾ ਵਿੱਚ ਹੋਣ ਵਾਲੀਆਂ ਸਾਹਿੱਤਕ ਸਰਗਰਮੀਆਂ ਵਿੱਚ ਭਾਗ ਲੈਣਗੇ ਜਿੰਨ੍ਹਾਂ ਵਿੱਚੋਂ ਸਰਬ ਸਾਂਝਾ ਕਵੀ ਦਰਬਾਰ ਪ੍ਰਮੁੱਖ ਹੈ।



ਟੋਰੰਟੋ ਤੋਂ ਇਕਬਾਲ ਮਾਹਲ ਜੀ ਨੇ ਇਹ ਜਾਣਕਾਰੀ ਦੇਂਦਿਆਂ ਦੱਸਿਆ ਕਿ ਇਸ ਫੇਰੀ ਦੌਰਾਨ ਹੀ ਉਨ੍ਹਾਂ ਦੀ ਸਮੁੱਚੀ ਰਚਨਾ ਦਾ ਸੰਗ੍ਰਹਿ ਮੈਂ ਇਕਬਾਲ ਪੰਜਾਬੀ ਦਾ ਵੀ ਰਾਮਗੜ੍ਹੀਆ ਭਵਨ ਵਿਖੇ ਲੱਗੀ ਵਿਸ਼ਾਲ ਪੁਸਤਕ ਪ੍ਰਦਰਸ਼ਨੀ ਚ ਵਿਸ਼ੇਸ਼ ਤੌਰ ਤੇ ਲੋਕ ਅਰਪਨ ਕੀਤਾ ਜਾਵੇਗਾ ਜਿਸਨੂੰ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਦੇ ਸੰਪਾਦਕ ਮੰਡਲ ਵਿੱਚ ਇਕਬਾਲ ਮਾਹਲ, ਪ੍ਰੋ ? ਜਸਪਾਲ ਘਈ, ਸਤੀਸ਼ ਗੁਲਾਟੀ ਤੇ ਗੁਰਭਜਨ ਗਿੱਲ ਸ਼ਾਮਿਲ ਹਨ।

ਬਾਬਾ ਨਜਮੀ ਬਾਰੇ ਜਾਣਕਾਰੀ ਦੇਂਦਿਆਂ ਗੁਰਭਜਨ ਗਿੱਲ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਦੇ ਪਿੰਡ ਜਗਦੇਵ ਕਲਾਂ ਤੋਂ ਉੱਜੜ ਕੇ ਲਾਹੌਰ ਜਾ ਵੱਸਿਆ ਸੀ। ਇਹ ਪਿੰਡ ਯੁਗ ਕਵੀ ਹਾਸ਼ਮ ਸ਼ਾਹ ਦੀ ਜਨਮ ਭੂਮੀ ਵੀ ਹੈ।

ਬਾਬਾ ਨਜਮੀ ਦਾ ਜਨਮ ਲਾਹੌਰ (ਪਾਕਿਸਤਾਨ) ਵਿਚ 1948 ਵਿੱਚ ਹੋਇਆ । ਉਨ੍ਹਾਂ ਦਾ ਅਸਲ ਨਾਂ ਬਸ਼ੀਰ ਹੁਸੈਨ ਨਜਮੀ ਹੈ ਅਤੇ ਬਾਬਾ ਨਜਮੀ ਨਾਂ ਹੇਠ ਉਹ ਕਾਵਿ ਸਿਰਜਣਾ ਕਰਦੇ ਹਨ ।ਬਾਬਾ ਨਜਮੀ ਪੰਜਾਬੀ ਦੇ ਕ੍ਰਾਂਤੀਕਾਰੀ ਕਵੀ ਹਨ ਅਤੇ ਉਨ੍ਹਾਂ ਦੀ ਕਵਿਤਾ ਸਰਲ ਅਤੇ ਆਮ ਆਦਮੀ ਦੀ ਸਮਝ ਵਿਚ ਆਉਣ ਵਾਲੀ ਹੈ ।

ਉਹਨਾਂ ਦੀ ਕਵਿਤਾ ਦੇ ਵਿਸ਼ੇ ਆਮ ਆਦਮੀ ਦੀਆਂ ਸਮਸਿਆਵਾਂ ਅਤੇ ਪੰਜਾਬੀ ਮਾਂ ਬੋਲੀ ਬਾਰੇ ਚਿੰਤਾ ਵਾਲੇ ਹਨ। ਉਹ ਆਮ ਲੋਕਾਂ ਦੇ ਦੁਖ-ਦਰਦ ਲਈ ਵੇਲੇ ਦੀਆਂ ਸਰਕਾਰਾਂ ਦੀਆਂ ਨੀਤੀਆਂ ਅਤੇ ਲੋਕਾਂ ਦੀ ਗ਼ਫ਼ਲਤ ਨੂੰ ਦੋਸ਼ੀ ਮੰਨਦੇ ਹਨ।

ਉਨ੍ਹਾਂ ਦੀਆਂ ਕਾਵਿ ਰਚਨਾਵਾਂ ਵਿੱਚ ਅੱਖਰਾਂ ਵਿੱਚ ਸਮੁੰਦਰ ,ਸੋਚਾਂ ਵਿੱਚ ਜਹਾਨ ,ਮੇਰਾ ਨਾਂ ਇਨਸਾਨ ਅਤੇ ਮੈਂ ਇਕਬਾਲ ਪੰਜਾਬੀ ਦਾ ਹਨ।

ਬਾਬਾ ਨਜਮੀ ਸਾਰੀ ਉਮਰ ਕਿਰਤ ਕਮਾਈ ਤੇ ਹੀ ਨਿਰਭਰ ਰਹੇ ਹਨ। ਇਮਾਰਤਾਂ ਕਲੀ ਕਰਨ, ਸੜਕਾਂ ਤੇ ਰੋੜੀ ਕੁੱਟਣ ਵਰਗੇ ਕੰਮਾਂ ਚ ਰੁੱਝੇ ਰਹੇ ਬਾਬਾ ਨਜਮੀ 75 ਸਾਲ ਦੀ ਉਮਰ ਵਿੱਚ ਵੀ ਕਲਮ ਅਤੇ ਅਮਲ ਦੇ ਸੂਰਮੇ ਕਵੀ ਹਨ ਜੋ ਦੱਖਣੀ ਏਸ਼ੀਆ ਦੇ ਸਦੀਵੀ ਅਮਨ ਲਈ ਦਿਨ ਰਾਤ ਲੱਗੇ ਹੋਏ ਹਨ।


ਵਰਨਣ ਯੋਗ ਗੱਲ ਇਹ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਮੈਂਬਰ ਪਾਰਲੀਮੈਂਟ ਵਜੋਂ ਅਤੇ ਹੁਣ ਮੁੱਖ ਮੰਤਰੀ ਵਜੋਂ ਅਕਸਰ ਆਪਣੇ ਭਾਸ਼ਨਾਂ ਵਿੱਚ ਬਾਬਾ ਨਜਮੀ ਦੀ ਸ਼ਾਇਰੀ ਸੁਣਾਂਉਂਦੇ ਹਨ।

ਪਿਛਲੇ ਮਾਰਚ ਮਹੀਨੇ ਲਾਹੌਰ ਚ ਹੋਈ ਵਿਸ਼ਵ ਪੰਜਾਬੀ ਅਮਨ ਕਾਨਫਰੰਸ ਵਿੱਚ ਬਾਬਾ ਨਜਮੀ ਨੇ ਇਹ ਇੱਛਾ ਪ੍ਰਗਟਾਈ ਸੀ ਕਿ ਉਹ ਆਪਣੇ ਵੱਡਿਆਂ ਦੀ ਜਨਮ ਭੂਮ ਜਗਦੇਵ ਕਲਾਂ ਆਉਣਾ ਚਾਹੁੰਦੇ ਹਨ ਅਤੇ ਆਪਣੇ ਵੱਡੇ ਪੰਜਾਬ ਦੇ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨਾ ਚਾਹੁੰਦੇ ਹਨ। ਉਨ੍ਹਾਂ ਦਾ ਕਾਵਿ ਮਨੋਰਥ ਸਪਸ਼ਟ ਹੈ।

**ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ ।**
**ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ ।**
**ਮੰਜ਼ਲ ਦੇ ਮੱਥੇ ਦੇ ਉੱਤੇ ਤਖ਼ਤੀ ਲਗਦੀ ਉਨ੍ਹਾਂ ਦੀ,**
**ਜਿਹੜੇ ਘਰੋਂ ਬਣਾ ਕੇ ਟੁਰਦੇ ਨਕਸ਼ਾ ਅਪਣੇ ਸਫ਼ਰਾਂ ਦਾ ।**

# ਅਲਬਰਟਾ ਦੀ ਵਿਰਾਸਤ ਦਾ ਜਸ਼ਨ ਮਨਾਉਂਦਿਆਂ ਸਰਕਾਰ ਐਡਮਿੰਟਨ ਅਤੇ ਕੈਲਗਰੀ ਵਿੱਚ ਅਲਬਰਟਾ ਦਿਵਸ ਦੇ ਜਸ਼ਨਾਂ ਦੀ ਮੇਜ਼ਬਾਨੀ ਕਰੇਗੀ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸਰਕਾਰ ਅਲਬਰਟਾ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਮਨਾਉਣ ਅਤੇ ਕਨਫੈਡਰੇਸ਼ਨ ਵਿੱਚ ਇਸ ਦੇ ਵਿਲੱਖਣ ਸਥਾਨ ਨੂੰ ਮਾਨਤਾ ਦੇਣ ਲਈ 1 ਸਤੰਬਰ ਨੂੰ ਅਧਿਕਾਰਤ ਤੌਰ ਤੇ ਅਲਬਰਟਾ ਦਿਵਸ ਵਜੋਂ ਮਾਨਤਾ ਦੇ ਰਹੀ ਹੈ।ਅਲਬਰਟਾ ਦਾ ਜਸ਼ਨ ਮਨਾਉਣ ਲਈ ਹਰ ਸਾਲ ਇੱਕ ਦਿਨ ÷ਅਲਬਰਟਾ ਦੀ ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਵਿਲੱਖਣਤਾ ਦੀ




ਪੁਸ਼ਟੀ ਕਰਨ ਦੇ ਤਰੀਕਿਆਂ ਅਤੇ ਸਾਧਨਾਂ ਬਾਰੇ ਜਾਨਣ ਲਈ÷ ਲਈ ਫੇਅਰ ਡੀਲ ਪੈਨਲ ਦੀ ਸਿਫ਼ਾਰਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਹੈ। 1 ਸਤੰਬਰ, 1905 ਨੂੰ ਅਲਬਰਟਾ ਐਕਟ ਲਾਗੂ ਹੋਇਆ ਅਤੇ ਰਸਮੀ ਤੌਰ @ਤੇ ਅਲਬਰਟਾ ਸੂਬੇ ਦੀ ਸਥਾਪਨਾ ਕੀਤੀ ਗਈ। ਇਸ ਦਿਨ ਨੂੰ ਅਲਬਰਟਾ ਦਿਵਸ ਵਜੋਂ ਮਾਨਤਾ ਦੇਣ ਨਾਲ ਅਲਬਰਟਾ ਵਾਸੀਆਂ ਨੂੰ ਹਰ ਸਾਲ ਜਸ਼ਨ ਦੀ ਭਾਵਨਾ ਨਾਲ ਇਕੱਠੇ ਹੋਣ ਦਾ ਮੌਕਾ ਮਿਲਦਾ ਹੈ।

ਅਲਬਰਟਾ ਹਰ ਪੱਖੋਂ ਬੇਮਿਸਾਲ ਹੈ। ਅਸੀਂ ਦੁਨੀਆ ਦੇ ਸਭ ਤੋਂ ਖੂਬਸੂਰਤ ਅਤੇ ਵਿਭਿੰਨ ਕੁਦਰਤੀ ਵਾਤਾਵਰਣਾਂ ਦੇ ਰਖਵਾਲੇ ਹਾਂ। ਇਸ ਸਥਾਨ ਦੇ ਮੂਲ ਨਿਵਾਸੀਆਂ ਨੇ ਆਪਣੇ ਪ੍ਰਾਚੀਨ ਸੱਭਿਆਚਾਰਾਂ ਅਤੇ ਰੀਤੀ-ਰਿਵਾਜਾਂ ਨਾਲ ਹਮੇਸ਼ਾ ਉੱਜਵਲ ਭਵਿੱਖ ਬਣਾਉਣ ਲਈ ਬਹੁਤ ਮੁਸ਼ਕਿਲਾਂ ਨੂੰ ਪਾਰ ਕੀਤਾ ਹੈ।

ਅਲਬਰਟਾ ਦੀ ਅਗਾਂਹ ਵਧੂ ਭਾਵਨਾ ਅਤੇ ਉੱਦਮੀ ਸੱਭਿਆਚਾਰ ਨੇ ਸਾਡੇ ਸੂਬੇ ਨੂੰ ਧਰਤੀ ਉੱਤੇ ਸਭ ਤੋਂ ਖੁਸ਼ਹਾਲ ਅਤੇ ਉਦਾਰ ਸਥਾਨਾਂ ਵਿੱਚੋਂ ਇੱਕ ਬਣਨ ਲਈ ਪ੍ਰੇਰਿਤ ਕੀਤਾ ਹੈ। ਸਾਨੂੰ ਆਪਣੇ ਬਹਾਦੁਰਾਂ ਅਤੇ ਪ੍ਰਾਪਤੀਆਂ ਦਾ ਮਾਣ ਨਾਲ ਜਸ਼ਨ ਮਨਾਉਂਦੇ ਹੋਏ ਆਪਣੇ ਇਤਿਹਾਸ ਨੂੰ ਯਾਦ ਕਰਨਾ ਅਤੇ ਸਿੱਖਣਾ ਚਾਹੀਦਾ ਹੈ ਅਤੇ ਆਪਣੀਆਂ ਕਮੀਆਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਅਲਬਰਟਾ ਦਿਵਸ ਨੂੰ ਇੱਕ ਨਵੀਂ ਸਲਾਨਾ ਪਰੰਪਰਾ ਬਣਾਉਣਾ - ਜਿਸ ਦਿਨ ਅਸੀਂ ਕਨਫੈਡਰੇਸ਼ਨ ਵਿੱਚ ਦਾਖਲ ਹੋਏ - ਇਸ ਸ਼ਾਨਦਾਰ ਸੂਬੇ ਉੱਤੇ ਮਾਣ ਕਰਨ ਦਾ ਇੱਕ ਤਰੀਕਾ ਹੋਵੇਗਾ।÷

**ਜੇਸਨ ਕੇਨੀ, ਪ੍ਰੀਮੀਅਰ**

ਸਾਡੇ 116 ਸਾਲਾਂ ਦੇ ਇਤਿਹਾਸ ਦੌਰਾਨ ਅਲਬਰਟਾਵਾਸੀ ਉਦਾਰ, ਅਨੁਸ਼ਾਸਿਤ ਅਤੇ ਰਚਨਾਤਮਕ ਰਹੇ ਹਨ। ਸਾਨੂੰ ਆਪਣੇ ਦੁਆਰਾ ਨਿਰਮਾਣ ਕੀਤੇ ਸੂਬੇ ਤੇ ਮਾਣ ਹੋਣਾ ਚਾਹੀਦਾ ਹੈ ।ਸਤੰਬਰ ਨੂੰ ਅਲਬਰਟਾ ਦਿਵਸ ਵਜੋਂ ਸਥਾਪਿਤ ਕਰਨਾ ਅਲਬਰਟਾ ਦੀ ਵਿਲੱਖਣ ਭਾਵਨਾ, ਸਾਡੇ ਯੋਗਦਾਨ, ਚੁਣੌਤੀਆਂ ਅਤੇ ਅਲਬਰਟਨ ਹੋਣ ਦੀ ਪੁਸ਼ਟੀ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ।

**ਰੌਨ ਓਰ, ਸੱਭਿਆਚਾਰਕ ਮੰਤਰੀ**

ਅਲਬਰਟਾ ਸਰਕਾਰ ਐਡਮਿੰਟਨ ਅਤੇ ਕੈਲਗਰੀ ਵਿੱਚ ਅਲਬਰਟਾ ਦਿਵਸ ਦੇ ਜਸ਼ਨਾਂ ਦੀ ਮੇਜ਼ਬਾਨੀ ਕਰੇਗੀ ਅਤੇ ਮਹਾਰਾਣੀ ਦੇ ਪਲੈਟੀਨਮ ਜੁਬਲੀ ਜਸ਼ਨਾਂ ਦੇ ਨਾਲ ਸੰਭਾਵਤ ਤੌਰ @ਤੇ ਆਪਣੇ ਖੁਦ ਦੇ ਸਮਾਗਮਾਂ ਦੀ ਯੋਜਨਾ ਬਣਾਉਣ ਅਤੇ ਮੇਜ਼ਬਾਨੀ ਕਰਨ ਵਿੱਚ ਹੋਰ ਨਗਰਪਾਲਿਕਾਵਾਂ ਦਾ ਸਮਰਥਨ ਕਰੇਗੀ। ਆਉਣ ਵਾਲੇ ਮਹੀਨਿਆਂ ਵਿੱਚ ਹੋਰ ਵੇਰਵੇ ਸਾਂਝੇ ਕੀਤੇ ਜਾਣਗੇ। ਇਸ ਸਤੰਬਰ ਦੇ ਪਹਿਲੇ ਅਲਬਰਟਾ ਦਿਵਸ ਦੀ ਅਗਵਾਈ ਵਿੱਚ, ਅਲਬਰਟਾ ਸਰਕਾਰ ਅਲਬਰਟਾ ਦੇ ਇਤਿਹਾਸ, ਇਸਦੇ ਲੋਕਾਂ ਅਤੇ ਕਨਫੈਡਰੇਸ਼ਨ ਵਿੱਚ ਇਸਦੇ ਯੋਗਦਾਨ ਦਾ ਜਸ਼ਨ ਮਨਾਉਣ ਲਈ ਇੱਕ ਸੰਚਾਰ ਅਤੇ ਸ਼ਮੂਲੀਅਤ ਮੁਹਿੰਮ ਸ਼ੁਰੂ ਕਰੇਗੀ।

## ਪੁਸਤਕ ਸਮੀਖਿਆ

# ਕੱਚੇ ਦੁੱਧ ਵਰਗੇ ਲੋਕ




ਗੁਰਬਚਨ ਸਿੰਘ ਭੁੱਲਰ

ਗੁਰਬਚਨ ਸਿੰਘ ਭੁੱਲਰ ਦੀ ਇਹ 160 ਸਫ਼ਿਆਂ ਦੀ ਪੁਸਤਕ ਸਪਤ ਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ ਦੁਆਰਾ ਛਾਪੀ ਗਈ ਹੈ। ਛਪਾਈ ਸੁੰਦਰ ਅਤੇ ਗ਼ਲਤੀਆਂ-ਰਹਿਤ ਹੈ। ਸ਼ਬਦ-ਜੋੜਾਂ ਦਾ ਪੂਰਾ ਖ਼ਿਆਲ ਰੱਖਿਆ ਹੈ। ਟਾਈਟਲ ਕਵਰ ਕਲਾਤਮਿਕ ਤੇ ਢੁਕਵਾਂ ਹੈ। ਭੁੱਲਰ ਇਸ ਬਾਰੇ ਮੁੱਖ-ਸ਼ਬਦ ਵਿਚ ਲਿਖਦਾ ਹੈ - ਸਮੇਂ ਦਾ ਸਿਤਮ ਦੇਖੋ, ਅੱਜ ਸਾਡੀ ਪੀੜ੍ਹੀ ਨੂੰ ਕਦਮ-ਕਦਮ ਉੱਤੇ ਇਹ ਦੁਹਰਾਉਣਾ ਪੈ ਰਿਹਾ ਹੈ ਕਿ ਹੁਣ ਨਾਲੋਂ ਸਾਡਾ ਜ਼ਮਾਨਾ ਭਲਾ ਹੀ ਨਹੀਂ, ਬਹੁਤ ਭਲਾ ਸੀ। ਇਸ ਮਾਹੌਲ ਵਿਚ ਚੜ੍ਹਦੀ ਉਮਰ ਵੇਲੇ ਦੇ ਪਿੰਡ ਦੇ, ਆਂਢੀ-ਗੁਆਂਢੀ ਪਿੰਡਾਂ ਦੇ, ਜਾਣ-ਪਛਾਣਾਂ ਤੇ ਰਿਸ਼ਤੇਦਾਰੀਆਂ ਦੇ ਦੇਖੇ-ਸੁਣੇ ਹੋਏ ਅਜਿਹੇ ਭੋਲ਼ੇ ਤੇ ਭਲੇ ਬੰਦੇ ਚੇਤੇ ਆਉਂਦੇ ਹਨ ਜਿਹੋ ਜਿਹੇ ਹੁਣ ਜੇ ਹਨ ਵੀ ਤਾਂ ਬਹੁਤ ਘੱਟ, ਦੁਰਲੱਭ ਹਨ। -- ਭਲੇ ਬੰਦੇ ਹੋਣ ਦਾ ਵੱਡੇ-ਛੋਟੇ, ਅਮੀਰੀ-ਗ਼ਰੀਬੀ, ਇਲਾਕੇ, ਧਰਮ, ਜਾਤ-ਗੋਤ, ਪੜ੍ਹੇ-ਅਣਪੜ੍ਹ, ਇਸਤਰੀ-ਪੁਰਸ਼, ਪੇਂਡੂ-ਸ਼ਹਿਰੀ ਨਾਲ ਕੋਈ ਵੀ ਸੰਬੰਧ ਨਹੀਂ। ਫੁੱਲ ਹਰ ਥਾਂ ਖਿੜਦੇ ਹਨ, ਬਾਗ਼ਾਂ ਵਿਚ ਵੀ, ਰੂੜੀਆਂ ਉੱਤੇ ਵੀ, ਖੇਤਾਂ ਵਿਚ ਵੀ, ਕਬਰਾਂ ਤੇ ਸ਼ਮਸ਼ਾਨਾਂ ਵਿਚ ਵੀ। ਇਹ ਸਭ ਤਬਕਿਆਂ ਨਾਲ ਸੰਬੰਧਿਤ ਭਲੇ ਲੋਕ ਹੀ ਹਨ ਜਿਨ੍ਹਾਂ ਦੀ ਹੋਰ ਸਭ ਸੋਚਾਂ ਤੋਂ ਉੱਚੀ ਉੱਠੀ ਹੋਈ ਇਨਸਾਨੀਅਤ ਭਵਿੱਖ ਵਿਚ ਤੇ ਮਨੁੱਖ ਵਿਚ ਸਾਡਾ ਭਰੋਸਾ ਬਣਾਈ ਰਖਦੀ ਹੈ।

ਬਠਿੰਡਾ ਜ਼ਿਲੇ ਦੇ ਪਿੰਡ ਪਿੱਥੋ ਦਾ ਜੰਮਪਲ਼ ਇਹ ਲੇਖਕ ਆਪਣੀਆਂ ਸਿਮਰਤੀਆਂ ਅੰਦਰ ਉਸ ਵੇਲੇ ਦਾ ਇਤਿਹਾਸ, ਸਭਿਆਚਾਰ ਅਤੇ ਅਰਥਚਾਰੇ ਦਾ ਪਿਛੋਕੜ ਸਮੋਈ ਬੈਠਾ ਹੈ, ਜਿਹੜਾ ਉਸ ਦੀਆਂ ਲਿਖਤਾਂ ਰਾਹੀਂ ਸਦੀਵੀ ਹੋ ਗਿਆ ਹੈ। ਬਚਪਨ ਤੋਂ ਲੈ ਕੇ ਇਹ ਪੁਸਤਕ ਲਿਖਣ ਤਕ ਦੇ ਵਰ੍ਹਿਆਂ ਦੌਰਾਨ ਗੁਰਬਚਨ ਦੇ ਮਨ-ਮਸਤਕ ਦੀ ਕਾੜ੍ਹਨੀ ਵਿਚ ਯਾਦਾਂ ਦੀ ਮੱਠੀ ਅੱਗ ਤੇ ਕੜ੍ਹਦੇ ਦੁੱਧ ਤੇ ਆਈ ਮਲ਼ਾਈ ਪੜ੍ਹਨ ਦੀ ਰੀਝ ਨਾਲ ਖਾ ਕੇ ਵੇਖੀ ਅਤੇ ਹਲਕੀ ਲਾਲ ਭਾਹ ਮਾਰਦੇ ਕੜ੍ਹੇ ਹੋਏ ਦੁੱਧ ਨੂੰ ਜਗਿਆਸਾ ਦੇ ਛੰਨੇ ਵਿਚ ਪਾ ਕੇ ਰੱਜ ਕੇ ਪੀ ਲਿਆ। ਉਹ ਬਹੁਤ ਵੱਡਾ ਸਾਹਿਤਕਾਰ ਤੇ ਪੱਤਰਕਾਰ ਬਣ ਗਿਆ ਪਰ ਕਾੜ੍ਹਨੀ ਵਿਚ ਪੈਣ ਤੋਂ ਪਹਿਲਾਂ ਜਿਹੜਾ ਕੱਚਾ ਦੁੱਧ ਹੁੰਦਾ ਹੈ, ਉਸ ਨੂੰ ਅੱਜ ਤਕ ਨਹੀਂ ਭੁੱਲਿਆ ਤੇ ਨਾ ਹੀ ਭੁੱਲਿਆ ਕੱਚੇ ਦੁੱਧ ਵਰਗੇ ਲੋਕ। ਉਸ ਨੇ ਕਿਤਾਬ ਦੇ ਰੂਪ ਵਿਚ ਉਸ ਭਲੇ ਇਲਾਕੇ ਦੇ ਭੁੱਲ-ਵਿਸਰ ਜਾਣ ਵਾਲੇ ਭਲੇ ਲੋਕਾਂ ਨੂੰ ਸ਼ਾਮਲ ਕਰ ਕੇ ਉਨ੍ਹਾਂ ਕਿਰਦਾਰਾਂ ਨੂੰ ਵੀ ਅਮਰ ਕਰ ਦਿੱਤਾ ਹੈ। ਨਾਲ ਹੀ ਇਲਾਕੇ ਦੇ ਉਨ੍ਹਾਂ ਪਿੰਡਾਂ, ਗਰਾਵਾਂ, ਥਾਵਾਂ, ਸੰਸਥਾਵਾਂ, ਰਾਹਾਂ ਨੂੰ ਇਤਿਹਾਸ ਵਿਚ ਦਰਜ ਕਰ ਦਿੱਤਾ ਹੈ ਤੇ ਲੋਕ-ਬੋਲੀ ਦੇ ਮੂੰਹ-ਚੜ੍ਹੇ ਸ਼ਬਦਾਂ ਨੂੰ ਵੀ ਪੰਜਾਬੀ ਸ਼ਬਦ-ਕੋਸ਼ ਦਾ ਹਿੱਸਾ ਬਣਾ ਧਰਿਆ ਹੈ।

ਇਸ ਕਿਤਾਬ ਵਿਚ ਬਹੁਤੇ ਕਿਰਦਾਰ ਪਿੰਡਾਂ ਨਾਲ ਸੰਬੰਧਿਤ ਹਨ, ਛੇ ਆਂਢ-ਗੁਆਂਢ ਦੇ ਸਿਰਲੇਖ ਹੇਠ ਪੰਜਾਬੋਂ ਬਾਹਰਲੇ ਸੂਬਿਆਂ ਤੋਂ ਅਤੇ ਗਿਆਰਾਂ ਅੰਤਿਕਾ ਸਿਰਲੇਖ ਹੇਠ ਮਹਾਨ ਹਸਤੀਆਂ ਦੇ ਕੱਚੇ ਦੁੱਧ ਵਰਗੀ ਸ਼ੁੱਧਤਾ ਵਾਲੇ ਗੁਣਾਂ ਦਾ ਸੰਖੇਪ-ਮਾਤਰ ਵੇਰਵਾ ਹੈ। ਮਾਮਾ ਮੱਘਰ ਅਣਪੜ੍ਹ, ਸਾਦਾ, ਸੱਚਾ-ਸੁੱਚਾ ਰਿਸ਼ਤੇ ਪਾਲਣ ਵਾਲਾ ਨਿਰਸਵਾਰਥ ਸ਼ਖ਼ਸ਼ ਹੈ। ਵੈਰਾਗੀ ਸਾਧ ਗੁਰਾਂਦਿੱਤਾ ਬੁੜ੍ਹਾ ਖਾਲੀ ਪਿੜ ਵਿਚੋਂ ਕਣਕ ਦੇ ਦਾਣੇ ਚੁਗ ਕੇ ਅੱਧੇ - ਦੋ ਲੱਪਾਂ ਪਿੜ ਦੇ ਮਾਲਕ ਨੂੰ ਦੇ ਦਿੰਦੈ, ਚਾਚਾ ਗੁਰਬਖ਼ਸ਼ ਸਿੰਘ ਬਠਿੰਡੇ ਰੇਲਵੇ ਸਟੇਸ਼ਨ ਤੇ ਬੈਠੀ ਸੱਤਬਿਗਾਨੀ ਭਰਾ-ਵਾਹਰੀ ਬੀਬੀ ਦਾ ਭਰਾ ਬਣ ਕੇ ਉਸ ਦੀ ਧੀ ਦੇ ਵਿਆਹ ਵੇਲੇ ਸਾਰੀ ਬਣਦੀ ਨਾਨਕਸ਼ੱਕ ਭਰਦਾ ਹੈ। ਭੈਣ ਬਣਾਈ ਉਸ ਬੀਬੀ ਦਾ ਇਸ ਭਰਾ ਦੇ ਗਲ਼ੇ ਚਿੰਬੜ ਕੇ ਇਹ ਕਹਿਣਾ - ਕਿੱਥੇ ਗੁਆਚਿਆ ਰਿਹਾ ਵੇ ਮੇਰਿਆ ਸਰਵਣਾ ਵੀਰਾ - ਦਿਲ ਹਲੂਣ ਦਿੰਦਾ ਹੈ। ਬਠਿੰਡੇ ਰੇਲਵੇ ਜੰਕਸ਼ਨ ਤੇ ਸੱਤ ਲੈਣਾਂ ਪੈਂਦੀਆਂ ਅਤੇ ਏਥੋਂ ਕਿਸੇ ਪਾਸੇ ਵੀ ਜਾਣ ਦੀ ਰੇਲਵੇ-ਸਹੂਲਤ ਨੂੰ ਵਾਇਆ ਬਠਿੰਡਾ ਦੇ ਮੁਹਾਵਰੇ ਦਾ ਮੂਲ ਦੱਸਿਆ ਹੈ। ਮੰਡੀ ਕਲਾਂ (ਗੁਲਾਬੂ ਕੀ ਮੰਡੀ) ਵਾਲਾ ਸੇਠ ਗੁਲਾਬ ਚੰਦ ਆਪਣੀ ਘੋੜੀ ਪੈਦਲ ਰਾਹ ਜਾਂਦੇ ਪਿੰਡ ਦੇ ਰਵਿਦਾਸੀਆਂ ਦੇ ਜਵਾਈ ਨੂੰ ਦੇ ਕੇ ਆਪ ਪੈਦਲ ਤੁਰ ਪੈਂਦਾ ਹੈ। ਮਾਇਆ ਨੂੰ ਵਿਹੁ-ਭਰੀ ਨਾਗਣ ਕਹਿਣ ਵਾਲੇ ਬਾਬਾ ਲੱਕੜ ਦਾਸ ਦੇ ਬ੍ਰਿਤਾਂਤ ਵਿਚ ਰਾਮ ਦੇਵ, ਆਸਾ ਰਾਮ ਜਿਹੇ ਕਿੰਨੇ ਹੀ ਅਜੋਕੇ ਭੇਖੀ, ਪਾਖੰਡੀ ਸਾਧਾਂ ਦੀ ਕੰਡ-ਝਾੜ ਕੀਤੀ ਹੈ। ਮਾਮੇ ਮੱਘਰ ਦਾ ਕਾਲੇ ਘੁਮਿਆਰ ਨੂੰ ਫਸਲ ਦੀ ਵੇਚ-ਵੱਟ ਅਤੇ ਹਿਸਾਬ-ਕਿਤਾਬ ਦੀ ਜ਼ਿਮੇਵਾਰੀ ਦੇਣਾ, ਉਸ ਉੱਤੇ ਰੱਬ ਵਰਗਾ ਭਰੋਸਾ ਕਰਨਾ, ਬੇਈਮਾਨ ਠਾਣੇਦਾਰ ਨੂੰ ਭੋਲ਼ੇ-ਭਾਅ ਗਹਿਣਿਆਂ ਦੀ ਗੁਥਲੀ ਫੜਾਉਣਾ, ਕਾਲੇ ਦੀ ਪਾਕਿਸਤਾਨੋਂ ਵਾਪਸੀ ਤੇ ਉਸ ਨੂੰ ਆਬਦੇ ਕੋਲੋਂ ਨਵੇਂ ਗਹਿਣਿਆਂ ਦੀ ਗੁਥਲੀ ਦੇਣਾ, ਇਹ ਸਭ ਪੜ੍ਹ ਕੇ ਪਾਠਕ ਦੀ ਸੋਚ ਸਿਰੇ ਤਕ ਝੰਜੋੜੀ ਜਾਂਦੀ ਹੈ। ਨੇਤਰਹੀਣ ਰਾਜਾ ਰਾਮ ਦੁਆਰਾ ਕਾਮਯਾਬੀ ਨਾਲ ਹੱਟੀ ਚਲਾਉਣ ਦੇ ਪਰਸੰਗ ਵਿਚ ਨੇਤਰਹੀਣਾਂ ਦੇ ਅਜੂਬੇ ਵਰਗੇ ਕਾਰਨਾਮਿਆਂ ਅਤੇ ਪਿੰਡ ਦੀ ਹੱਟੀ ਦਾ ਪੂਰਾ ਪਿਛੋਕੜ ਬਿਆਨ ਕੀਤਾ ਹੈ। ਪਿੰਡ ਪਿੱਥੋ ਦੇ ਭਾਈ ਕਾਹਨ ਸਿੰਘ ਨਾਭਾ ਦੇ ਸਕਿਆਂ ਵਿਚੋਂ ਤਾਇਆ ਇੰਦਰ ਸਿੰਘ ਢਿੱਲੋਂ ਰਵਿਦਾਸੀਆਂ ਦੇ ਘਰ ਜਾ ਕੇ ਉਨ੍ਹਾਂ ਦੀ ਗਾਂ ਦਾ ਦੁੱਧ ਉਨ੍ਹਾਂ ਦੇ ਭਾਂਡੇ ਵਿਚ ਪੀ ਲੈਂਦਾ ਹੈ। ਇਸ ਦੇ ਨਾਲ ਹੀ ਜੱਟ-ਸੀਰੀ ਦੇ ਸੰਬੰਧਾਂ, ਭਿੱਟ-ਸੁੱਚ ਅਤੇ ਜਾਤ-ਪਾਤ ਦੇ ਵਖਰੇਵੇਂ ਦਾ ਪਾਜ ਵੀ ਉਘਾੜਿਆ ਹੈ। ਪੁੱਛਾਂ ਦੱਸਣ ਵਾਲੇ ਅਤੇ ਧਾਗਾ-ਤਵੀਤ ਕਰਨ ਵਾਲੇ ਡੇਰੇ ਵਾਲੇ ਸਾਧਾਂ ਦਾ ਅੰਦਰਲਾ ਸੱਚ ਬਾਬਾ ਜਮਨਾ ਦਾਸ ਤੋਂ ਪੁੱਛ ਲਿਆ ਹੈ। ਕਿਸੇ ਬਿਗਾਨੇ ਅਣਜਾਣੇ ਰਾਹੀ ਨੂੰ ਘਰੇ ਰਾਤ ਕਟਾਉਣੀ, ਉਸ ਦੀ ਚੰਗੀ ਆਓ-ਭਗਤ ਕਰਨੀ ਕਰਨੈਲ ਸਿੰਘ ਬੌਂਡੇ ਦੇ ਹਿੱਸੇ ਆਈ - ਖੁੱਲ੍ਹਾ ਘਰ ਨਹੀਂ ਹੁੰਦਾ ਖੁੱਲ੍ਹਾ ਦਿਲ ਹੁੰਦਾ ਹੈ। ਡਾ. ਬਲਵਿੰਦਰ ਕੌਰ ਬਰਾੜ ਨੇ ਕਿਤੇ ਲਿਖਿਆ ਹੈ ਕਿ ਕੱਚੀਆਂ ਕੰਧਾਂ ਅੰਦਰ ਪੱਕੀਆਂ ਸਾਂਝਾਂ ਪਲ਼ਦੀਆਂ ਹਨ। ਭੁੱਲਰ ਨੇ ਇਸ ਵਾਕਿਆ ਰਾਹੀਂ ਪੇਂਡੂ ਕਿਸਾਨੀ ਘਰ ਦਾ ਲਕੇ-ਤੁਕੇ ਸਮੇਤ ਨਕਸ਼ਾ ਵੀ ਖਿੱਚ ਧਰਿਆ ਹੈ। ਘਰ ਦੀ ਸੁਆਣੀ ਮਹਿਮਾਨ ਵੱਲੋਂ ਬੱਚੇ ਨੂੰ ਦਿੱਤਾ ਪੰਜ ਰੁਪਏ ਦਾ ਨੋਟ ਮੋੜ ਕੇ ਕਹਿੰਦੀ ਹੈ - ਵੀਰਾ ਬੱਸ ਇੱਕ ਰੁਪਈਆ ਦੇ ਦੇ, ਲੱਖ ਵਰਗਾ ਐ। ਇਹਨੂੰ ਕਹਿੰਦੇ ਨੇ ਸਬਰ-ਸੰਤੋਖ। ਇਹ ਸਾਡੀ ਪ੍ਰਾਹੁਣਾਚਾਰੀ ਦੀ ਮਿਸਾਲ ਹੈ।

ਉਨ੍ਹਾਂ ਵੇਲਿਆਂ ਵਿਚ ਪਿੰਡਾਂ ਦੇ ਸਕੂਲਾਂ ਦੀ ਹਾਲਤ ਅਤੇ ਅਧਿਆਪਕਾਂ ਦੀਆਂ ਮੁਸ਼ਕਲਾਂ ਬਾਰੇ ਲੇਖਕ ਦਾ ਤਲਖ਼ ਤਜਰਬਾ ਬਾਂਡੀ ਵਾਲਾ ਦਰਜ਼ੀ ਸਿੰਘ ਦੇ ਕਿਰਦਾਰ ਹੇਠ ਦਰਜ ਹੈ। ਮੋਗੇ ਦੇ ਮਸ਼ਹੂਰ ਸਵਾਰਥਹੀਨ ਡਾਕਟਰ ਮਥਰਾ ਦਾਸ ਨੂੰ ਨੇਤਰਹੀਣ ਗ਼ਰੀਬਾਂ ਦਾ ਮਸੀਹਾ ਵਜੋਂ ਪੇਸ਼ ਕਰ ਕੇ ਉਸ ਸਮੇਂ ਦੇ ਡਾਕਟਰੀ ਇਲਾਜ ਦਾ ਵੀ ਅੰਦਾਜ਼ਾ ਪੇਸ਼ ਕੀਤਾ ਹੈ। ਵਲੀ ਖ਼ਾਂ ਵਾਗੀ ਜਿੱਥੇ ਗਊਆਂ ਦਾ ਵੱਗ ਸੰਭਾਲ਼ਦਾ, ਗਊਆਂ ਦਾ ਜਣੇਪਾ ਨਜਿੱਠਦਾ, ਉੱਥੇ ਅੜੇ-ਥੁੜੇ ਦਾਈ-ਰਹਿਤ ਪਿੰਡਾਂ ਦੀਆਂ ਜੱਚਾ ਔਰਤਾਂ ਦੇ ਜਣੇਪੇ ਦਾ ਅੱਖਾਂ ਤੇ ਪੱਟੀ ਬੰਨ੍ਹ ਕੇ ਕੰਮ ਸਾਰਦਾ ਪਰ ਫਿਰ ਵੀ ਆਪਣੇ-ਆਪ ਨੂੰ ਗੁਨਾਹੀ ਮੰਨ ਕੇ ਕਹਿੰਦਾ - ਮੇਰਾ ਗੁਨਾਹ ਮੁਆਫ਼ ਕਰੀਂ ਮੇਰੇ ਅੱਲਾ। ਲੇਖਕ ਨੇ ਵੱਗ ਦੀ ਪ੍ਰੰਪਰਾ ਨੂੰ ਵਧੀਆ ਰੂਪ ਵਿਚ ਸਾਕਾਰ ਕੀਤਾ ਹੈ। ਉਮਰਾਓ ਸਿੰਘ ਗੁਮਟੀ ਤਕੜੇ ਜੁੱਸੇ ਤੇ ਖੁਲ੍ਹੀ ਡੀਲ-ਡੌਲ ਵਾਲਾ ਕੱਦਾਵਰ ਦਰਸ਼ਨੀ ਜੁਆਨ ਮਨੁੱਖੀ ਤਾਕਤ ਦੀ ਸਮਰੱਥਾ ਦਾ ਸਿਰਾ ਹੈ, ਫਿਰ ਵੀ ਅਤੀ ਨਿਰਮਾਣ, ਨਿਰਛਲ ਹੈ। ਲੇਖਕ ਦੀ ਦਾਦੀ ਸੱਸ ਘਰ ਦੇ ਖੂਹ ਵਿਚੋਂ ਪਾਣੀ ਕੱਢ ਕੇ ਘੜੇ ਭਰਦੀ ਹੈ, ਅੱਧੀ ਬਾਲਟੀ ਬਚਦਾ ਪਾਣੀ ਖੂਹ ਵਿਚ ਮੋੜ ਕੇ ਪਾ ਦਿੰਦੀ ਹੈ, ਅਖੇ ਜੀਹਤੋਂ ਲਈਏ ਉਸ ਨੂੰ ਮੋੜੀਏ ਵੀ। ਇਉਂ ਲੇਖਕ ਅੱਜ ਦੀ ਦੁਨੀਆਂ ਸਾਹਮਣੇ ਸਭ ਤੋਂ ਵੱਡੀ ਤੇ ਭਿਆਨਕ ਰੂਪ ਧਾਰੀ ਬੈਠੀ ਪਾਣੀ ਦੀ ਸਮੱਸਿਆ ਦੇ ਅੰਕੜੇ ਦੇ ਕੇ ਕਿੰਨਾ ਸਹਿਜ ਹੱਲ ਸੁਝਾ ਗਿਆ ਹੈ। ਵਾਕਿਆ ਹੀ - ਤੀਜੀ ਸੰਸਾਰ-ਜੰਗ ਰੋਕੇਗਾ ਅੱਧੀ ਬਾਲਟੀ ਪਾਣੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਥੇਦਾਰ, ਜੰਗੀਰ ਸਿੰਘ ਪੂਹਲਾ ਦੇ ਨਿਸ਼ਕਾਮ, ਨਿਰਸਵਾਰਥ ਅਤੇ ਹਮਦਰਦੀ ਵਾਲੇ ਵਤੀਰੇ ਨੂੰ ਵੇਖ ਕੇ ਹੁਣ ਦੇ ਕਈ ਜਥੇਦਾਰਾਂ ਦੇ ਕਿਰਦਾਰ ਨਾਲ ਤੁਲਨਾ ਕਿਵੇਂ ਕਰ ਸਕਦੇ ਹਾਂ। ਦਰਬਾਰਾ ਡਾਕੂ ਦੇ ਗ਼ਰੀਬਾਂ ਪ੍ਰਤੀ ਵਿਹਾਰ ਨੂੰ ਲੈ ਕੇ ਦਰਸਾਇਆ ਹੈ ਕਿ ਲੋਕ-ਗਾਥਾਵਾਂ ਵਿਚਲੇ ਡਾਕੂ ਕਹੇ ਜਾਣ ਵਾਲੇ ਦਲੇਰ ਮਨੁੱਖ ਅਸਲ ਵਿਚ ਗ਼ਰੀਬਾਂ, ਬੇ-ਸਹਾਰਿਆਂ ਦੇ ਮਦਦਗਾਰ ਅਤੇ ਧੀਆਂ-ਭੈਣਾਂ ਦੀ ਇੱਜ਼ਤ ਦੇ ਰਾਖੇ ਹੁੰਦੇ ਸਨ। ਤਦੇ ਤਾਂ ਸੁੱਚਾ ਸੂਰਮਾ, ਜਿਉਣਾ ਮੌੜ, ਹਰਫੂਲ, ਜਾਨੀ ਚੋਰ ਵਰਗੇ ਲੋਕ-ਨਾਇਕ ਬਣ ਕੇ ਕਿੱਸਿਆਂ ਦਾ ਸ਼ਿੰਗਾਰ ਹਨ।




ਕੱਚੇ ਦੁੱਧ ਵਰਗੇ ਲੋਕਾਂ ਦਾ ਜ਼ਿਕਰ ਕਰਨ ਤੋਂ ਕੱਚ ਰਹਿ ਜਾਂਦਾ ਜੇ ਗੁਰਬਚਨ ਸਿੰਘ ਭੁੱਲਰ ਕਵੀਸ਼ਰਾਂ, ਗਮੰਤਰੀਆਂ, ਅਖਾੜਿਆਂ ਦੀ ਗੱਲ ਨਾ ਕਰਦਾ। ਉਸ ਨੇ ਕਵੀਸ਼ਰਾਂ ਦੇ ਪਹਿਰਾਵੇ, ਹਾਵ-ਭਾਵ, ਪੇਸ਼ਕਾਰੀ ਦੀ ਮੁਦਰਾ, ਸ੍ਵੈਮਾਣ, ਲੋਕਾਂ ਅੰਦਰ ਹਰਮਨਪਿਆਰਤਾ ਤੇ ਰਾਜ-ਭਾਗ ਵੱਲੋਂ ਮਿਲਦੀ ਪੁਸ਼ਤ-ਪਨਾਹੀ ਦਾ ਇੰਨ-ਬਿੰਨ ਚਿੱਠਾ ਖੋਲ੍ਹਿਆ ਹੈ। ਬਠਿੰਡੇ ਦਾ ਨਗੀਨਾ ਗਮੰਤਰੀ ਜਿਵੇਂ ਮਹਾਰਾਜਾ ਪਟਿਆਲਾ ਬਾਰੇ ਆਖ ਰਿਹੈ - ਰਾਜਿਆ ਤੈਨੂੰ ਰਾਜ ਦਾ, ਮੈਨੂੰ ਕਲਾ ਦਾ ਮਾਣ - ਪਰ ਅਸਲ ਵਿਚ ਇਸ ਕਿਰਦਾਰ ਦੇ ਬਹਾਨੇ ਕਵੀਸ਼ਰਾਂ ਦੀ ਕਲਾ, ਕਵੀਸ਼ਰੀ ਦੀ ਚੜ੍ਹਤ ਅਤੇ ਉਨ੍ਹਾਂ ਵੇਲਿਆਂ ਵਿਚ ਇਸ ਦੀ ਲੋਕਾਂ ਅੰਦਰ ਸ਼ਰਧਾ ਵਰਗੀ ਮਕਬੂਲੀਅਤ ਬਾਰੇ ਬੜੀ ਵਧੀਆ ਪਰ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਲਿਖਿਆ ਹੈ ਕਿ ਜਿਵੇਂ ਗਾਉਣਾ ਹਰੇਕ ਦੇ ਵੱਸ ਦੀ ਗੱਲ ਨਹੀਂ ਹੁੰਦੀ, ਸੁਣਨਾ ਵੀ ਹਰੇਕ ਦੇ ਵੱਸ ਨਹੀਂ ਹੁੰਦਾ। ਇਸੇ ਪ੍ਰੰਪਰਾ ਨੂੰ ਅੱਗੇ ਵਧਾਇਆ ਹੈ ਲੋਹਾਖੇੜੀਆ ਮੋਦਨ ਗਮੰਤਰੀ ਦੇ ਕਿਰਦਾਰ ਰਾਹੀਂ, ਜਿਸ ਨੇ ਕਹਿੰਦੇ ਹਨ ਕਿ ਸਰੋਤਿਆਂ ਤੋਂ ਕੇਵਲ ਇੱਕ ਰੁਪਿਆ ਹੀ ਲੈਣ ਦਾ ਰਿਵਾਜ ਪਾਇਆ, ਅਖੇ ਬਾਕੀ ਮੋੜ ਕੇ ਜੇਬ ਵਿਚ ਪਾ ਲੈ, ਇਕ ਤੇਰਾ ਲੱਖ ਵਰਗਾ। ਚੰਡੀਗੜ੍ਹੀਆ ਰਿਸ਼ਵਤਖੋਰ ਬਾਬੂ ਇਕ ਬਜ਼ੁਰਗ ਤੋਂ ਰਿਸ਼ਵਤ ਨਹੀਂ ਲੈਂਦਾ ਪਰ ਇਸ ਬਹਾਨੇ ਲੇਖਕ ਨੇ ਰਿਸ਼ਵਤਖੋਰੀ ਦੀ ਅਲਾਮਤ ਨੂੰ ਨੰਗਾ ਕੀਤਾ ਹੈ। ਕਿਵੇਂ ਸਿਫ਼ਾਰਸ਼ਾਂ ਨਾਲ ਕੰਮ ਕਰਵਾਏ ਜਾਂਦੇ ਨੇ ਤੇ ਇਮਿਤਿਹਾਨ ਵਿਚੋਂ ਚੰਗੇ ਨੰਬਰ ਲੈਣ ਲਈ ਪਹੁੰਚ ਕੀਤੀ ਜਾਂਦੀ ਹੈ, ਇਸ ਵਰਤਾਰੇ ਦੀ ਗੱਲ ਕਰਦਿਆਂ ਡਾ. ਕਾਲਾ ਸਿੰਘ ਬੇਦੀ ਦੀ ਬੇ-ਨਿਆਜ਼ ਇਮਾਨਦਾਰ ਹਸਤੀ ਦਾ ਕਿਰਦਾਰ ਸਾਹਮਣੇ ਲਿਆਂਦਾ ਹੈ। ਦੇਵਿੰਦਰ ਸਤਿਆਰਥੀ ਦੀ ਫ਼ਕੀਰੀ ਬਾਰੇ ਪੜ੍ਹਿਆਂ ਹੀ ਬਣਦਾ ਹੈ।

ਆਂਢ - ਗੁਆਂਢ ਸਿਰਲੇਖ ਵਿਚਲਾ ਕਿਰਦਾਰ ਆਟੋ ਰਾਜਾ ਕਿਹਾ ਜਾਣ ਵਾਲਾ ਨਿਰਸੁਆਰਥੀ ਸੜਕਾਂ ਤੇ ਪਏ ਨਿਮਾਣਿਆਂ, ਅਪਾਹਜਾਂ, ਬੇ-ਸਹਾਰਿਆਂ, ਬੀਮਾਰਾਂ, ਲਾਚਾਰਾਂ ਨੂੰ ਘਰ ਲਿਜਾ ਕੇ ਸੇਵਾ-ਸੰਭਾਲ ਕਰਦਾ ਹੈ, ਸਮਾ ਪਾ ਕੇ -ਉਮੀਦ ਘਰ- ਸਥਾਪਤ ਕਰਨ ਦਾ ਮਹਾਨ ਕਾਰਜ ਕਰਦਾ ਹੈ। ਆਟੋ ਵਾਲਾ ਰਾਜੂ ਭਾਰਵਾੜ ਗ਼ਰੀਬ ਹੁੰਦਿਆਂ ਵੀ ਘਰੇ ਆਈ ਮਾਇਆ ਲੈਣ ਤੋਂ ਇਨਕਾਰ ਕਰ ਕੇ ਗ਼ਰੀਬ ਲੋੜਵੰਦਾਂ ਦੀ ਮਦਦ ਕਰਦਾ ਹੈ। ਕਿਰਾਏ ਦਾ ਰਿਕਸ਼ਾ ਚਲਾਉਣ ਵਾਲੇ ਬਬਲੂ ਜਾਤਵ ਦੀ ਪਤਨੀ ਪੰਜ ਦਿਨਾ ਦੀ ਬੱਚੀ ਛੱਡ ਕੇ ਮਰ ਗਈ। ਬਬਲੂ ਨੇ ਜਿਵੇਂ ਧੀ ਦਾਮਨੀ ਨੂੰ ਸੰਭਾਲ਼ਿਆ,ਤੇ ਪਾਲ਼ਿਆ, ਉਸ ਬਾਰੇ ਲਿਖਿਆ ਹੈ ਕਿ ਉਹਦੀ ਕਹਾਣੀ ਕੁੜੀਮਾਰਾਂ ਦੀ ਸੋਚ ਉੱਤੇ ਸੱਚਮੁੱਚ ਬਿਜਲੀ ਬਣ ਕੇ ਡਿੱਗੇਗੀ। ਜਿਵੇਂ ਅੱਲਾ-ਹੂ ਦਾ ਆਵਾਜ਼ਾ ਆਮ ਕਰ ਕੇ ਫ਼ਕੀਰ ਦੀ ਕੁੱਲੀ ਵਿਚੋਂ ਆਉਂਦਾ ਹੈ, ਉਸੇ ਤਰ੍ਹਾਂ ਮਾਨਵਵਾਦ ਦੇ ਚਾਨਣ ਦੀ ਲੋਅ ਵੀ ਆਮ ਕਰ ਕੇ ਗ਼ਰੀਬ ਦੀ ਝੁੱਗੀ ਵਿਚੋਂ ਹੀ ਫੁਟਦੀ ਹੈ। ਕੇਰਲਾ ਦੇ ਟਪਰੀਵਾਸ ਜੰਗਲਨਿਵਾਸੀ ਕਬੀਲੇ ਦਾ ਆਇਅੱਪਨ ਕਿਵੇਂ ਆਪਣੀ ਗਰਭਵਤੀ ਪਤਨੀ ਸੁਧਾ ਨੂੰ ਕੰਧਾੜੇ ਚੱਕ ਕੇ ਲੱਖਾਂ ਮੁਸੀਬਤਾਂ ਝੱਲਦਾ 40 ਮੀਲ ਦਾ ਬਿਖੜਾ ਪੈਂਡਾ ਤਹਿ ਕਰ ਕੇ ਸ਼ਹਿਰ ਦੇ ਹਸਪਤਾਲ ਤਕ ਲੈ ਜਾਂਦਾ ਹੈ। ਬੱਚਾ ਗਰਭ ਵਿਚ ਮਰ ਚੁੱਕਿਆ ਹੈ ਪਰ ਸੁਧਾ ਬਚ ਗਈ। ਆਇਅੱਪਨ ਸੁਧਾ ਨੂੰ ਲਿਜਾਣ ਤੋਂ ਪਹਿਲਾਂ ਧਰਵਾਸ ਦਿੰਦਾ ਹੈ - ਤੂੰ ਮੇਰੀ ਜਿੰਦ-ਜਾਨ ਹੈਂ ਮੈਂ ਤੈਨੂੰ ਮਰਨ ਨਹੀਂ ਦੇਣਾ। ਤੇਰੀ ਖ਼ਾਤਰ ਰੱਬ ਨਾਲ ਦੋ-ਦੋ ਹੱਥ ਕਰਨੇ ਮਨਜ਼ੂਰ। ਬਬਲੂ ਤੇ ਆਇਅੱਪਨ ਦੇ ਕਿਰਦਾਰਾਂ ਬਾਰੇ ਪੜ੍ਹਦਿਆਂ ਮਨ ਅੰਦਰ ਤਕ ਹਲੂਣਿਆਂ ਜਾਂਦਾ ਹੈ, ਸਥਾਪਤੀ ਸ਼ਰਮਸ਼ਾਰ ਹੁੰਦੀ ਹੈ, ਮਾਨਵਤਾ ਸਿਰ ਚੁਕਦੀ ਹੈ। ਤੁੱਕਾ ਰਾਮ ਕੋਲੇਕਰ ਨੇ ਸਿਰੜ, ਮਿਹਨਤ ਤੇ ਮੁਸ਼ੱਕਤ ਨਾਲ ਖੂਹ ਪੁੱਟ ਕੇ ਚਿਰਾਂ ਤੋਂ ਪਿਆਸੇ ਲੋਕਾਂ ਨੂੰ ਪਾਣੀ ਦੀ ਦਾਤ ਦਿੱਤੀ। ਅੰਤਿਕਾ ਵਿਚ ਰਾਸ਼ਟਰਪਤੀ ਅਬਦੁਲ ਕਲਾਮ, ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਵਿਗਿਆਨੀ ਸਰ ਸੀ. ਵੀ ਰਮਨ ਤੇ ਹੋਰ ਸ਼ਖ਼ਸੀਅਤਾਂ ਦੇ ਮਾਰਮਿਕ ਵੇਰਵੇ ਦਰਜ ਹਨ।

ਇਨ੍ਹਾਂ ਕਿਰਦਾਰਾਂ ਅੰਦਰ ਕੱਚੇ ਦੁੱਧ ਦੀ ਖ਼ੁਸ਼ਬੋਅ ਵੀ ਹੈ, ਉਨ੍ਹਾਂ ਦੀ ਬੋਲ-ਚਾਲ ਵਿਚ ਕੱਚੇ ਦੁੱਧ ਵਰਗੀ ਅਲੌਕਿਕ ਮਿਠਾਸ ਵੀ ਹੈ ਅਤੇ ਉਨ੍ਹਾਂ ਦੀ ਲੋਕ-ਲਾਜ ਤੇ ਸ਼ਰਮ-ਹਯਾ ਕੱਚੇ ਦੁੱਧ ਉਪਰ ਆਈ ਝੱਗ ਵਰਗੀ ਹੈ। ਲੇਖਕ ਨੇ ਇਲਾਕੇ ਦੀ ਬੋਲ-ਚਾਲ ਦੀ ਭਾਸ਼ਾ ਨੂੰ ਜਿਉਂ ਦਾ ਤਿਉਂ ਵਰਤ ਕੇ ਬਿਨਾ ਕਿਸੇ ਵਿਦਵਾਨੀ ਸ਼ਬਦਾਂ ਦੀ ਮਿਲਾਵਟ ਦੇ ਕੱਚੇ ਦੁੱਧ ਵਰਗੀ ਸ਼ੁੱਧਤਾ ਤੇ ਤਾਜ਼ਗੀ ਬਰਕਰਾਰ ਰੱਖੀ ਹੈ। ਉਸ ਨੇ ਤਤਕਾਲੀ ਪੇਂਡੂ ਜ਼ਬਾਨ ਦੇ ਸ਼ਬਦਾਂ, ਮੂੰਹ ਚੜ੍ਹੀਆਂ ਸਤਰਾਂ ਅਤੇ ਮੁਹਾਵਰਿਆਂ ਨੂੰ ਅਲੋਪ ਹੋਣ ਤੋਂ ਬਚਾ ਲਿਆ ਹੈ। ਮਿਸਾਲ ਵਜੋਂ - ਰੂੰ ਦਾ ਫੰਭਾ, ਥੋਡੀ, ਆਬਦੇ, ਸਿੱਟ ਦਿਆ ਕਰ, ਟੂਮ-ਟੱਲਾ, ਟੂਮ-ਟਾਕੀ, ਝੂੰਗਾ, ਰੂੰਗਾ, ਫੰਘ, ਆ ਗੀ ਬਈ ਨ੍ਹੇਰੀ ਕਲਿਆਣਾਂ ਦੇ ਟਿੱਬਿਆਂ ਤੋਂ, ਆਲ਼ਾ, ਕਮਲ਼ੀ ਸਰ੍ਹੋਂ, ਟਾਂਡਿਆਂ ਦੀ ਛੌਰੀ, ਵਾਗੀ, ਵੱਗ, ਤੌੜੀਆਂ ਵੇਲਾ, ਭੱਠੀ ਵੇਲਾ, ਘੁਮੇਟਣੀ, ਪੰਜ-ਕਾਪੜੀ, ਰੋਟੀ-ਟੁੱਕ ਦਾ ਆਹਰ, ਸਭਾਤ, ਸੰਦ-ਵਲ਼ੇਵਾ, ਲੀੜੇ, ਅੰਬੋ, ਲੀੜਾ ਲੱਤਾ, ਢੱਡ ਵਜਾਵਾ, ਮੜ੍ਹਿੱਕਦਾ, ਕੱਚੀ ਹਾਸੀ, ਸੱਸੀ ਦਾਹੜੀ, ਘੱਲ਼ੀ, ਦਾਣਿਆਂ ਦੀ ਚੁੰਗ, ਤਲ਼ੀਆਂ ਦਿੰਦੀ, ਪਾਂਡੋ-ਪੋਚਾ, ਢਾਂਗਾ, ਵਾਹ ਸੰਤ ਜੀ ਵਾਹ ਭਗਵਾਂ ਬਾਣਾ ਤੇ ਕੰਮ ਕਰਨੇ ਆਹ, ਗੁੜ ਖਾਈਂ ਪੂਣੀ ਕੱਤੀਂ ਆਪ ਨਾ ਆਈਂ ਵੀਰ ਨੂੰ ਘੱਤੀਂ, ਜੱਟ ਦਾ ਪੁੱਤ ਪੜ੍ਹ ਗਿਆ ਬਲਦ ਕੋਠੇ ਚੜ੍ਹ ਗਿਆ, ਆਦਿ। ਜਿਹੜੇ ਲੇਖਕ ਵਿਦਵਾਨ ਅਖਵਾਉਣ ਦੀ ਹੋੜ ਵਿਚ ਠੇਠ ਪੰਜਾਬੀ ਅਤੇ ਔਖੇ ਸੰਸਕ੍ਰਿਤ, ਉਰਦੂ ਜਾਂ ਅੰਗ੍ਰੇਜ਼ੀ ਦੇ ਸ਼ਬਦ ਵਰਤਣ ਵੇਲੇ ਆਪ-ਮੁਹਾਰੀ ਮੂੰਹ-ਚੜ੍ਹੀ ਲੋਕ-ਬੋਲੀ ਦੇ ਸ਼ਬਦਾਂ ਨੂੰ ਘਟੀਆ ਸਮਝ ਕੇ ਵਰਤਣ ਤੋਂ ਪਾਸਾ ਵਟਦੇ ਹਨ, ਉਹ ਭੁੱਲਰ ਦੀ ਇਸ ਕਿਤਾਬ ਤੋਂ ਮਾੜੀ-ਮੋਟੀ ਅਕਲ ਲੈ ਸਕਦੇ ਹਨ। ਲੋਕਾਂ ਵਿਚ ਉਨ੍ਹਾਂ ਦੀ ਆਪਣੀ ਬੋਲ-ਚਾਲ ਵਿਚ ਲਿਖੀ ਹੋਈ ਲਿਖਤ ਤੁਰੰਤ ਅਤੇ ਸਹਿਜੇ ਹੀ ਪ੍ਰਵਾਨ ਚੜ੍ਹਦੀ ਅਤੇ ਮਕਬੂਲ ਹੁੰਦੀ ਹੈ।

ਲਾ ਪਾ ਕੇ ਇਹ ਕਿਤਾਬ ਇਹ ਸੁਨੇਹਾ ਦੇਣ ਵਿਚ ਕਾਮਯਾਬ ਹੋਈ ਹੈ ਕਿ ਚੰਗਿਆਈ ਕਦੇ ਮਰਦੀ ਨਹੀਂ, ਕਿ ਬੀਜ-ਨਾਸ ਕਿਸੇ ਚੀਜ਼ ਦਾ ਵੀ ਨਹੀਂ ਹੁੰਦਾ। ਸੋ ਇਸ ਤਰ੍ਹਾਂ ਦੇ ਕੱਚੇ ਦੁੱਧ ਵਰਗੇ ਭਲੇ ਲੋਕ ਹਰ ਸਮੇਂ ਹੁੰਦੇ ਆਏ ਹਨ ਅਤੇ ਆਉਣ ਵਾਲੇ ਚੰਗੇ-ਮਾੜੇ ਸਮਿਆਂ ਵਿਚ ਵੀ ਜ਼ਰੂਰ ਮੌਜੂਦ ਹੋਣਗੇ ਤੇ ਮਨੁੱਖਤਾ ਨਿਰੰਤਰ ਅੱਗੇ ਚਲਦੀ ਰਹੇਗੀ।

ਇਹੀ ਲੋਕ ਹਨ ਤੇ ਹੋਣਗੇ ਜਿਹੜੇ ਸਦੀਵੀ ਸੱਚੀਆਂ-ਸੁੱਚੀਆਂ ਮਾਨਵੀ ਕਦਰਾਂ-ਕੀਮਤਾਂ ਨੂੰ ਆਪਣੀ ਬੁੱਕਲ ਵਿਚ ਸੰਭਾਲ਼ ਕੇ ਆਉਣ ਵਾਲੀਆਂ ਪੀੜ੍ਹੀਆਂ ਦੇ ਹਵਾਲੇ ਕਰਦੇ ਰਹਿਣਗੇ। ਘਰਾਂ ਵਿਚ ਪੜ੍ਹਨ ਲਈ ਰੱਖੀ ਇਹ ਕਿਤਾਬ ਕੱਚੇ ਦੁੱਧ ਦੀ ਯਾਦ ਤਾਜ਼ਾ ਕਰਵਾਉਂਦੀ ਰਹੇਗੀ।



**ਸਮੀਖਿਆਕਾਰ**
**ਜਗਦੇਵ ਸਿੱਧੂ**
**403 351 1136**

# ਕਨੇਡਾ ਡੇਅ ਮੌਕੇ ਕੁੱਝ ਸੀਨੀਅਰਜ਼ ਸੁਸਾਇਟੀ ਵਾਲੇ ਬਜ਼ੁਰਗਾਂ ਇੰਝ ਵਿਚਾਰਾਂ ਕੀਤੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰਲ ਸੀਨੀਅਰਜ਼ ਸੁਸਾਇਟੀ ਆਫ ਅਲਬਰਟਾ ਦੇ ਕਨੇਡਾ ਡੇਅ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੁਸਾਇਟੀ ਦੇ ਹਾਲ ਵਿਖੇ ਮਨਾਇਆ। ਸੁਸਾਇਟੀ ਦੇ ਪ੍ਰਧਾਨ ਗੁਰਬਖਸ਼ ਸਿੰਘ ਜੱਸਲ ਨੇ ਸਾਰੇ ਮੈਂਬਰਾਂ ਨੂੰ ਜੀ ਆਇਆ ਆਖਿਆ। ਸੋਸਾਇਟੀ ਦੇ ਮੈਨੇਜਰ ਬਿੱਕਰ ਸਿੰਘ ਸੰਧੂ ਨੂੰ ਮੰਚ ਦਾ ਸੰਚਾਲਨ ਦਾ ਸੰਚਾਲਣ ਕਰਨ ਲਈ ਕਿਹਾ ਗਿਆ। ਬਿੱਕਰ ਸਿੰਘ ਸੰਧੂ ਨੇ ਬੜੇ ਸਰਲ ਸ਼ਬਦਾਂ ਵਿੱਚ ਕੈਨੇਡਾ ਦੇ ਪਿਛੋਕੜ ਦਾ ਵਰਣਨ ਕਰਕੇ ਦੱਸਿਆ ਕਿ ਬ੍ਰਿਟਿਸ਼ ਨਾਰਥ ਅਮੈਰਿਕਾ ਐਕਟ ਅਨੁਸਾਰ 4 ਸੂਬਿਆਂ ਦੀ ਕਨਫੈਡਰੇਸ਼ਨ ਬਣਾ ਕੇ ਕਨੇਡਾ ਹੋਂਦ ਵਿੱਚ ਆਇਆ । ਦੱਸਿਆ ਗਿਆ ਕਿ ਉਹ 4 ਸੂਬੇ ਕਿਹੜੇ ਸਨ ਤੇ ਬਾਕੀ ਦੇ ਸੂਬੇ ਕਿਸ ਕਿਸ ਤਰੀਕ ਨੂੰ ਕਨੇਡਾ ਦਾ ਹਿੱਸਾ ਬਣੇ । ਸਭ ਤੋਂ ਪਹਿਲਾਂ 1979 ਵਿੱਚ ਇੱਕ ਜੁਲਾਈ ਨੂੰ ਸਰਕਾਰੀ ਛੁੱਟੀ ਵਜੋਂ ਐਲਾਨਿਆ ਗਿਆ ਪਰ ਇਸ ਦਿਨ ਦਾ ਨਾਮ 1982 ਵਿੱਚ ਕਨੇਡਾ ਡੇਅ ਕੀਤਾ ਗਿਆ । ਪਹਿਲਾਂ ਪਹਿਲ ਕੈਨੇਡਾ ਡੇਅ ਫ਼ੌਜੀ ਪਰੇਡ ਅਤੇ ਆਤਿਸ਼ਬਾਜ਼ੀ ਕਰਕੇ ਹੀ ਮਨਾਇਆ ਜਾਂਦਾ ਸੀ। 1960 ਵਿੱਚ ਪਹਿਲੀ ਵਾਰ ਟੈਲੀਵਿਜ਼ਨ ਤੇ ਸਾਰੇ ਦੇਸ਼ ਵਿੱਚ ਦਿਖਾਇਆ ਗਿਆ ਤੇ ਬਹੁ ਸੱਭਿਆਚਾਰਕ ਸਮਾਰੋਹ ਵੀ ਕੀਤੇ ਜਾਣ ਲੱਗ ਪਏ। ਕੈਨੇਡਾ ਦੇ ਆਦਿਵਾਸੀ ਲੋਕਾਂ ਵੱਲੋਂ ਇਸ ਦੀ ਵਿਰੋਧਤਾ ਕੀਤੀ ਜਾ ਰਹੀ ਹੈ ਕਿਉਂਕਿ ਉਹ ਮਹਿਸੂਸ ਕਰਦੇ ਨੇ ਕਿ ਨਾ ਸਿਰਫ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਸਗੋਂ ਉਨ੍ਹਾਂ ਨੂੰ ਹਾਸ਼ੀਏ ਉੱਤੇ ਵੀ ਕੀਤਾ ਗਿਆ ਹੈ। ਖ਼ਾਸ ਕਰਕੇ ਜਦੋਂ ਇਹ ਪਤਾ ਲੱਗਾ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਜ਼ਿੰਦਾ ਦਬਾ ਕੇ ਨਸਲਕੁਸ਼ੀ ਕੀਤੀ ਗਈ ਹੈ। ਇਸੇ ਦੌਰਾਨ ਚੀਨੀ ਮੂਲ ਦੇ ਕੈਨੇਡੀਅਨ ਵੱਲੋਂ ਵੀ 1923 ਵਾਲੇ ਕਾਲੇ ਕਾਨੂੰਨ ਕਾਰਨ ਇਸ ਦਿਨ ਨੂੰ ਅਪਮਾਨ ਦਿਨ ਵੱਜੋਂ ਮਨਾਇਆ ਜਾਂਦਾ ਰਿਹਾ ਹੈ । ਗਲੋਬਲ ਪਰਵਾਸੀ ਸੰਸਥਾ ਦੇ ਪ੍ਰਧਾਨ ਸੱਤਪਾਲ ਕੌਸ਼ਲ ਨੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਵਿਅਕਤੀਗਤ ਬਰਾਬਰੀ ਦੇ ਅਧਿਕਾਰਾਂ ਕਰਕੇ ਕੈਨੇਡਾ ਦੀ ਇੱਕ ਵੱਖਰੀ ਪਹਿਚਾਣ ਹੈ । ਧਰਮ ਸਿੰਘ ਨੇ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਾਸਤੇ ਆਪਣੇ ਕੁੱਝ ਨਿੱਜੀ ਯਤਨਾਂ ਬਾਰੇ ਵਿਚਾਰ ਸਾਂਝੇ ਕੀਤੇ। ਆਖਿਰ ਵਿੱਚ ਸੁਸਾਇਟੀ ਦੇ ਪ੍ਰਧਾਨ ਗੁਰਬਖਸ਼ ਸਿੰਘ ਜੱਸਲ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਅਮਰੀਕਾ ਦੇ ਇੰਡੀਆਨਾ ਸੂਬੇ ਦੇ ਗਰੀਨਵੁੱਡ ਪਾਰਕ ਮਾਲ ਵਿੱਚ ਹੋਈ ਗੋਲੀਬਾਰੀ - 3 ਜਣਿਆਂ ਦੀ ਮੌਤ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਇੰਡੀਆਨਾ ਸੂਬੇ ਦੇ ਗਰੀਨਵੁੱਡ ਪਾਰਕ ਮਾਲ ਵਿੱਚ ਬੀਤੇ ਐਤਵਾਰ ਸ਼ਾਮ ਨੂੰ ਇੱਕ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿੱਚ 3 ਲੋਕਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਗਰੀਨਵੁੱਡ ਪੁਲੀਸ ਵਿਭਾਗ ਦੇ ਮੁਖੀ ਜਿਮ ਇਸੌਨ ਨੇ ਦੱਸਿਆ ਕਿ ਇੱਕ ਹਥਿਆਰਬੰਦੀ ਵਿਅਕਤੀ ਮਾਲ ਵਿੱਚ ਦਾਖਲ ਹੋਇਆ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਨਾਂ ਦੱਸਿਆ ਕਿ ਮੌਕੇ 'ਤੇ ਹਾਜ਼ਰ ਇੱਕ ਵਿਅਕਤੀ ਜਿਸ ਕੋਲ ਲਾਇਸੰਸੀ ਹਥਿਆਰ ਸੀ, ਨੇ ਸ਼ੱਕੀ ਹਮਲਾਵਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਹਮਲਾਵਰ ਕੋਲ ਗੋਲੀਆਂ ਨਾਲ ਭਰੇ ਕਈ ਮੈਗਜ਼ੀਨ ਸਨ। ਵਰਨਣਯੋਗ ਹੈ ਕਿ ਇਸ ਸਾਲ ਅਮਰੀਕਾ ਵਿਚ ਇਸ ਸਾਲ ਇਸ ਤਰ੍ਹਾਂ ਦੀ ਗੋਲੀਬਾਰੀ ਦੀਆਂ ਲਗਭਗ ਸਾਢੇ ਤਿੰਨ ਸੌ ਵਾਰਦਾਤਾਂ ਹੋ ਚੁਕੀਆਂ ਹਨ

# ਮੂਲ ਨਿਵਾਸੀ ਭਾਈਚਾਰੇ ਦੇ ਸਕੂਲੀ ਬੱਚਿਆਂ ਉੱਪਰ ਹੋਏ ਵਹਿਸੀਆਨਾ ਵਰਤਾਰੇ ਹਾਲੇ ਤੱਕ ਕਿਸੇ ਪਾਸਿਓਂ ਕੋਈ ਰਾਹਤ ਨਹੀਂ ਮਿਲੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਰੈਜ਼ੀਡੈਂਸ਼ਲ ਸਕੂਲਾਂ ਵਾਲੀਆਂ ਸਾਈਟਾਂ ਤੋਂ ਮੂਲਵਾਸੀ ਭਾਈਚਾਰੇ ਦੇ ਬੱਚਿਆਂ ਦੀਆਂ ਨਿਸ਼ਾਨੀ ਰਹਿਤ ਕਬਰਾਂ ਮਿਲਣ ਉਪਰੰਤ ਜੋ ਮੂਲਵਾਸੀ ਭਾਈਚਾਰੇ ਅੰਦਰ ਰੋਸ ਪਾਇਆ ਜਾ ਰਿਹਾ ਸੀ ਅਤੇ ਉਨ੍ਹਾਂ ਦੇ ਜ਼ਖ਼ਮਾਂ ਤੇ ਮਲ੍ਹਮ ਲਗਾਉਣ ਦੀ ਕੋਸ਼ਿਸ਼ ਵੱਜੋਂ ਫੈਡਰਲ ਤੇ ਸੂਬਾਈ ਸਰਕਾਰਾਂ ਵੱਲੋਂ ਕਈ ਯਤਨ ਕੀਤੇ ਜਾ ਰਹੇ ਹਨ ਇਸੇ ਸਬੰਧ ਵਿੱਚ ਪੋਪ ਫਰਾਂਸਿਸ ਵੱਲੋਂ ਵੀ ਕੈਨੇਡਾ ਦਾ ਦੌਰਾ ਕੀਤਾ ਗਿਆ । ਦੂਜੇ ਪਾਸੇ ਇਨ੍ਹਾਂ ਸਕੂਲਾਂ ਦੇ ਸਰਵਾਈਵਰਜ਼ ਜਾਂ ਉਹ ਮੂਲਵਾਸੀ ਜੋ ਇਨ੍ਹਾਂ ਸਕੂਲਾਂ ਤੋਂ ਬਚ ਗਏ ਹਨ, ਦੀ ਭਲਾਈ ਵਾਸਤੇ ਕੈਥੋਲਿਕ ਡਾਇਓਸਿਸ ਵੱਲੋਂ ਢਾਈ ਕਰੋੜ ਡਾਲਰ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਉਹ ਹਾਲੇ ਤੱਕ ਇਸ ਟੀਚੇ ਦੇ ਨੇੜੇ ਤੇੜੇ ਵੀ ਨਹੀਂ ਪਹੁੰਚ ਸਕੇ।

# ਫੋਨ ਕਾਲਾਂ ਜ਼ਰੀਏ ਬਜ਼ੁਰਗਾਂ ਨਾਲ ਅਕਸਰ ਠੱਗੀ ਹੋ ਜਾਂਦੀ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਰਹਿੰਦੇ ਲੋਕ ਹੀ ਨਹੀਂ ਬਲਕਿ ਦੁਨੀਆਂ ਭਰ ਵਿੱਚ ਉਹ ਲੋਕ ਜੋ ਫੋਨ ਦੀ ਵਰਤੋਂ ਕਰਦੇ ਹਨ ਉਨ੍ਹਾਂ ਨੂੰ ਕਦੀ ਨਾ ਕਦੀ ਇਸ ਤਰ੍ਹਾਂ ਦੀਆਂ ਕਾਲਾਂ ਆਉਂਦੀਆਂ ਰਹਿੰਦੀਆਂ ਹਨ, ਜਿਸ ਵਿੱਚ ਕਾਲ ਕਰਨ ਵਾਲਾ ਤੁਹਾਨੂੰ ਪੁਲੀਸ ਦਾ ਇਨਕਮ ਟੈਕਸ ਇਹ ਬਾਰਡਰ ਸਰਵਿਸ ਦੇ ਨਾਮ ਉੱਪਰ ਡਰਾਉਣ ਧਮਕਾਉਣ ਦਾ ਯਤਨ ਕਰਦਾ ਹੈ, ਹੁਣ ਜ਼ਿਆਦਾਤਰ ਲੋਕ ਭਾਵੇਂ ਇਨ੍ਹਾਂ ਠੱਗਾਂ ਦੇ ਜਾਲ ਤੋਂ ਬਚ ਜਾਂਦੇ ਹਨ ਪਰ ਬਜ਼ੁਰਗ ਇਨ੍ਹਾਂ ਠੱਗੀ ਵਾਲੀਆਂ ਕਾਲਾਂ ਦਾ ਆਮ ਹੀ ਸ਼ਿਕਾਰ ਹੋ ਜਾਂਦੇ ਹਨ । ਵੈਨਕੂਵਰ ਪੁਲੀਸ ਨੇ ਬਜ਼ੁਰਗਾਂ ਨਾਲ ਹੋਈਆਂ ਇਸੇ ਤਰ੍ਹਾਂ ਦੀਆਂ ਕੁੱਝ ਠੱਗੀਆਂ ਬਾਰੇ ਪੁਸਟੀ ਕੀਤੀ ਹੈ

# ਅਣਗੌਲਿਆ ਬੌਕਸਰ 'ਪਦਮ ਸ਼੍ਰੀ ਕੌਰ ਸਿੰਘ' ਹੁਣ ਫ਼ਿਲਮੀ ਪਰਦੇ 'ਤੇ



ਸੁਰਜੀਤ ਜੱਸਲ
9814607737

ਬਾਲੀਵੁੱਡ ਵਿੱਚ ਬਾਇਪਿਕਸ ਦੀ ਵੱਡੀ ਸਫਲਤਾ ਤੋਂ ਬਾਅਦ ਹੁਣ ਪੰਜਾਬੀ ਸਿਨੇਮੇ ਵਿੱਚ ਵੀ ਰੀਅਲ ਲਾਇਫ ਸਟੋਰੀਆਂ 'ਤੇ ਫ਼ਿਲਮਾਂ ਬਣ ਰਹੀਆਂ ਹਨ। 'ਹਰਜੀਤਾ, ਸੱਜਣ ਸਿੰਘ ਰੰਗਰੂਟ, ਸੂਬੇਦਾਰ ਜੋਗਿੰਦਰ ਸਿੰਘ ਤੇ 'ਡਾਕੂਆਂ ਦਾ ਮੁੰਡਾ' ਜਿਹੀਆਂ ਫ਼ਿਲਮਾਂ ਤੋਂ ਬਾਅਦ ਇੱਕ ਹੋਰ ਬੇਹਤਰੀਨ ਬਾਇਓਪਿਕ 'ਪਦਮ ਸ਼੍ਰੀ ਕੌਰ ਸਿੰਘ' ਪੰਜਾਬੀ ਸਿਨੇਮੇ ਦੀ ਦਹਿਲੀਜ਼ ਤੇ ਦਸਤਕ ਦੇਣ ਜਾ ਰਹੀ ਹੈ। ਬਹੁਤ ਸਾਰੇ ਸ਼ਾਇਦ ਇਸ ਮਹਾਨ ਬੌਕਸਰ ਦੇ ਨਾਮ ਤੋਂ ਅਣਜਾਣ ਹੋਣਗੇ ਪਰ ਇਹ ਇਕਲੌਤਾ ਪੰਜਾਬੀ ਮੁੱਕੇਬਾਜ਼ ਹੈ, ਜਿਸਨੇ ਮਹਾਨ ਬੌਕਸਰ ਮੁਹੰਮਦ ਅਲੀ ਨਾਲ ਵੀ ਮੈਚ ਖੇਡਿਆ ਸੀ। ਇਸ ਫ਼ਿਲਮ ਰਾਹੀਂ 'ਪਦਮ ਸ਼੍ਰੀ' ਅਤੇ 'ਅਰਜੁਨ ਐਵਾਰਡ' ਜਿਹੇ ਦੇਸ਼ ਦੇ ਵੱਕਾਰੀ ਪੁਰਸਕਾਰ ਹਾਸਿਲ ਕਰਨ ਵਾਲੇ ਇਸ ਬੌਕਸਰ ਵੱਲੋਂ ਜੀਵਨ ਵਿੱਚ ਘਾਲੀ ਘਾਲਣਾ ਨੂੰ ਪਰਦੇ ਤੇ ਦਿਖਾਇਆ ਜਾਵੇਗਾ।

ਬਿਨ੍ਹਾਂ ਸ਼ੱਕ ਪੰਜਾਬੀ ਸਿਨਮੇ ਦੇ ਵਪਾਰਕ ਪੱਖ ਨੂੰ ਵੇਖਦਿਆਂ ਸਾਡੇ ਫ਼ਿਲਮ ਮੇਕਰਾਂ ਵਲੋਂ ਬਹੁਤਾ ਧਿਆਨ 'ਗਾਇਕੀ ਪ੍ਰਧਾਨ ਸਿਨਮੇ' ਵੱਲ ਦਿੱਤਾ ਜਾਂਦਾ ਹੈ ਤਾਂ ਜੋ ਇੱਕ ਗਾਇਕ ਦੇ ਵੱਡੇ ਪ੍ਰਸ਼ੰਸਕ ਵਰਗ ਨੂੰ ਪੰਜਾਬੀ ਸਿਨਮੇ ਲਈ ਕੈਸ਼ ਕੀਤਾ ਜਾ ਸਕੇ। ਅਜਿਹੇ ਹਾਲਾਤਾਂ ਵਿਚ ਇੱਕ ਆਮ ਐਕਟਰ ਦਾ ਫ਼ਿਲਮ ਵਿੱਚ ਕੰਮ ਕਰਨਾ ਮੁਸ਼ਕਲ ਹੋ ਜਾਂਦਾ ਹੈ ਪਰ ਸੱਭ ਤੋਂ ਔਖਾ ਇੱਕ ਸਮਾਜਿਕ ਮੁੱਦੇ ਅਧਾਰਤ ਚੰਗੀ ਫ਼ਿਲਮ ਬਣਾਉਣਾ। ਭਾਵੇਂਕਿ ਅਜਿਹੇ ਵਿਸ਼ੇ 'ਤੇ ਫ਼ਿਲਮ ਬਣਾਉਣਾ ਬੇਹੱਦ ਚਣੌਤੀ ਭਰਿਆ ਹੁੰਦਾ ਹੈ ਪਰ ਇਸਦੇ ਬਾਵਜੂਦ ਵੀ ਵਿਸ਼ਵ ਪ੍ਰਸਿੱਧੀ ਖੱਟਣ ਵਾਲੇ ਅਣਗੌਲੇ ਬੌਕਸਰ ਕੌਰ ਸਿੰਘ ਦੀ ਜ਼ਿੰਦਗੀ ਨੂੰ ਫ਼ਿਲਮੀ ਪਰਦੇ 'ਤੇ ਵਿਖਾਉਣ ਦਾ ਰਿਸ਼ਕ ਕਰਮ ਬਾਠ ਨੇ ਲਿਆ ਹੈ। ਕਰਮ ਬਾਠ ਇਸ ਫ਼ਿਲਮ ਦਾ ਉਹ ਨਾਇਕ ਵੀ ਹੈ ਤੇ ਨਿਰਮਾਤਾ ਵੀ। ਉਸਨੂੰ ਮਾਣ ਹੈ ਕਿ ਉਸਨੇ ਇੱਕ ਅਜਿਹਾ ਵਿਸ਼ਾ ਚੁਣਿਆ ਹੈ ਜਿਹੜਾ ਪੰਜਾਬੀ ਫ਼ਿਲਮਕਾਰਾਂ ਤੇ ਪੰਜਾਬ ਸਰਕਾਰ ਨੇ ਅੱਖੋਂ-ਪਰੋਖੇਂ ਕਰ ਛੱਡਿਆ ਸੀ।






ਕੌਰ ਸਿੰਘ ਬਾਰੇ ਬਹੁਤ ਘੱਟ ਲੋਕ ਜਾਣਦੇ ਹੋਣਗੇ। ਸੂਬੇਦਾਰ ਕੌਰ ਸਿੰਘ ਨੇ ਦੇਸ਼ ਲਈ ਜੰਗਾਂ ਹੀ ਨਹੀਂ ਲੜੀਆਂ ਬਲਕਿ ਬਾਕਸਿੰਗ ਦੇ 'ਰਿੰਗ' ਵਿੱਚ ਲੜਦਿਆਂ 'ਪਦਮ ਸ਼੍ਰੀ' ਵਰਗੇ ਵੱਡੇ ਇਨਾਮ ਵੀ ਦੇਸ਼ ਦੀ ਝੋਲੀ ਪਾਏ ਪਰ ਅਫ਼ਸੋਸ.. ਕਿ ਸਮੇਂ ਦੀਆਂ ਸਰਕਾਰਾਂ ਨੇ ਉਸਦੀ ਕਦਰ ਨਾ ਪਾਈ। ਆਪਣੇ ਹੱਕਾਂ ਲਈ ਉਹ ਸਰਕਾਰੇ -ਦਰਬਾਰੇ ਜੁੱਤੀਆਂ ਘਸਾ-ਘਸਾ ਹੰਭ ਗਿਆ। ਇੱਕ ਸਮਾਂ ਉਹਨਾਂ 'ਤੇ ਕਾਫੀ ਤੰਗੀ ਤੁਰਸ਼ੀ ਵੀ ਵਾਲਾ ਆਇਆ, ਹਾਲਾਂਕਿ ਸਾਹੁਰਖ ਖਾਨ ਵਰਗੇ ਬਾਲੀਵੁੱਡ ਸਟਾਰ ਨੇ ਉਸਦੀ ਮਦਦ ਕੀਤੀ। ਅਮਿਤਾਭ ਬਚਨ ਨੇ ਵੀ ਉਸਦੇ ਗਲੇ 'ਚ ਮੈਡਲ ਪਾ ਕੇ ਸਨਮਾਣ ਕੀਤਾ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਦੇਸ਼ ਵਿਦੇਸ਼ ਵਿੱਚ ਇਸ ਹੀਰੇ ਦੀ ਕਦਰ ਪਾਉਣ ਵਾਲੇ ਤਾਂ ਜਰੂਰ ਬੈਠੇ ਹਨ ਪਰ ਸਾਡੀ ਪੰਜਾਬੀ ਇੰਡਸਟਰੀ ਅਤੇ ਸਰਕਾਰਾਂ ਇਸ ਨੂੰ ਪਛਾਣਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀਆਂ ਹਨ।

**ਸੰਗਰੂਰ ਜਿਲ੍ਹੇ ਦੇ ਪਿੰਡ ਛੋਟੀ ਖਨਾਲ 'ਚ ਆਰਥਿਕ ਹਾਲਾਤਾਂ ਨਾਲ ਜੂਝ ਰਹੇ ਸੱਤਰ ਸਾਲਾਂ ਸੂਬੇਦਾਰ ਕੌਰ ਸਿੰਘ ਨੇ ਦੱਸਿਆ ਕਿ ਉਹ 1970 'ਚ ਫੌਜ ਵਿੱਚ ਭਰਤੀ ਹੋਇਆ ਸੀ ਜਿੱਥੇ ਦੇਸ਼ ਦੀ ਸੇਵਾ ਕਰਦਿਆਂ ਉਸ ਅੰਦਰ ਬਾਕਸਿੰਗ ਦੇ ਖੇਤਰ ਵਿੱਚ ਵੱਖਰਾ ਮੁਕਾਮ ਹਾਸਲ ਕਰਨ ਦੀ ਜਗਿਆਸਾ ਪੈਦਾ ਹੋਈ। ਉਸਦੇ ਇਸ ਸ਼ੌਕ ਨੂੰ ਪੂਰਾ ਕਰਨ ਲਈ ਕਰਨਲ ਬਲਜੀਤ ਸਿੰਘ ਜੌਹਲ ਨੇ ਭਰਪੂਰ ਯੋਗਦਾਨ ਪਾਉਂਦਿਆਂ ਪੂਨਾ ਇੰਸਟੀਚਿਊਟ ਵਿੱਚ ਟਰੇਨਿੰਗ ਕੈਂਪ ਲਾਉਣ ਲਈ ਪ੍ਰੇਰਿਤ ਕੀਤਾ। ਜਿੱਥੋਂ ਬਾਕਸਿੰਗ ਦੀ ਸਿਖਲਾਈ ਲੈ ਕੇ ਨਿਪੁੰਨਤਾ ਹਾਸਲ ਕੀਤੀ। ਆਪਣੀ ਮੇਹਨਤ ਅਤੇ ਲਗਨ ਨਾਲ ਉਸਨੇ ਨੈਸ਼ਨਲ ਖੇਡਦਿਆਂ ਪਹਿਲੀ ਵਾਰ ਸਿੰਕਦਾਰਾਬਾਦ ਵਿਖੇ ਗੋਲਡ ਮੈਡਲ ਜਿੱਤਿਆ। ਫ਼ਿਰ ਉਹ ਇੰਡੀਆ ਕੱਪ ਲਈ ਚੁਣਿਆ ਗਿਆ। ਇਸਦੇ ਨਾਲ ਹੀ ਉਸਨੇ ਕਾਮਨ ਵੈਲਥ ਖੇਡਾਂ ਅਤੇ ਕਿੰਗ ਕੱਪ 'ਚ ਖੇਡਦਿਆਂ ਵੀ ਗੋਲਡ ਮੈਡਲ ਜਿੱਤੇ। ਨੌਵੀਂ ਏਸ਼ੀਅਨ ਚੈਪੀਅਨਸਿਪ ਬੰਬੇ ਵਿਖੇ ਵੀ ਗੋਲਡ ਮੈਡਲ ਜਿੱਤਣ ਵਾਲਾ ਉਹ ਇੱਕਲਾ ਹੀ ਸੀ। ਦੁਨੀਆਂ ਭਰ ਦੇ ਨੰਬਰ ਵੰਨ ਬਾਕਸਰ ਮੁਹੰਮਦ ਅਲੀ ਨਾਲ ਵੀ ਖੇਡਿਆ। ਉਸਨੂੰ 1982 ਵਿੱਚ ਅਰਜੁਨਾ ਐਵਾਰਡ ਨਾਲ ਸਨਮਾਣਿਤ ਕੀਤਾ ਗਿਆ। ਫਿਰ 1983 ਵਿੱਚ 'ਪਦਮ ਸ਼੍ਰੀ' ਐਵਾਰਡ ਵੀ ਮਿਲਿਆ। 1984 ਨੂੰ ਅਮਰੀਕਾ ਦੇ ਲਾਸ ਏਂਜ਼ਲਸ ਵਿੱਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਵੀ ਭਾਗ ਲਿਆ ਜਿੱਥੇ ਹੋਈ ਇੱਕ ਘਟਨਾ ਨੇ ਉਸਦਾ ਮਨ ਖੱਟਾ ਕਰ ਦਿੱਤਾ ਤੇ ਉਸਨੇ ਬਾਕਸਿੰਗ ਖੇਡਣੀ ਛੱਡ ਦਿੱਤੀ।**




ਫ਼ਿਲਮ ਵਿੱਚ ਕੌਰ ਸਿੰਘ ਦਾ ਕਿਰਦਾਰ ਨਿਭਾਉਣ ਵਾਲੇ ਕਰਮ ਬਾਠ ਨੇ ਦੱਸਿਆ ਕਿ ਫ਼ਿਲਮੀ ਪਰਦੇ 'ਤੇ ਕੌਰ ਸਿੰਘ ਨੂੰ ਹੁਬਹੂ ਪੇਸ਼ ਕਰਨ ਲਈ ਉਸਨੇ ਬਹੁਤ ਮੇਹਨਤ ਕੀਤੀ ਹੈ। ਜਿੰਮ ਜਾ ਕੇ ਆਪਣੀ ਬਾਡੀ ਨੂੰ ਇੱਕ ਵੱਖਰੀ ਸ਼ੇਪ ਦਿੱਤੀ ਹੈ, ਬੌਕਸਿੰਗ ਦੇ ਦਾਅ-ਪੇਚ ਸਿੱਖੇ ਹਨ। ਉਸ ਨਾਲ ਰਹਿਕੇ ਉਸਨੂੰ 'ਪੜ੍ਹਨ' ਦੀ ਕੋਸ਼ਿਸ਼ ਕੀਤੀ ਹੈ। ਫ਼ਿਲਮ ਦੀ ਸੂਟਿੰਗ ਦੌਰਾਨ ਉਸਨੂੰ ਕੁਝ ਗੰਭੀਰ ਸੱਟਾਂ ਵੀ ਲੱਗੀਆਂ। ਫਿਰ ਲਾਕ ਡਾਉਨ ਕਰਕੇ ਵੀ ਫ਼ਿਲਮ ਦਾ ਕੰਮ ਰੁਕਿਆ ਰਿਹਾ ਪਰ ਉਸਨੇ ਹੌਸਲਾ ਨਹੀਂ ਛੱਡਿਆ ਹੁਣ ੨੨ ਜੁਲਾਈ ਨੂੰ ਇਹ ਫ਼ਿਲਮ ਸਿਨੇਮਿਆਂ 'ਚ ਵੇਖਣ ਨੂੰ ਮਿਲੇਗੀ। ਇਹ ਫ਼ਿਲਮ ਨਾ ਸਿਰਫ਼ ਇੱਕ ਬੌਕਸਰ ਦੇ ਜੀਵਨ ਅਧਾਰਤ ਹੈ ਬਲਕਿ ਫ਼ੌਜੀ ਜੀਵਨ ਦੀਆਂ ਭਾਵੁਕ ਯਾਦਾਂ ਅਤੇ ਕਾਮੇਡੀ ਭਰਪੂਰ ਪਰਿਵਾਰਕ ਡਰਾਮਾ ਦੀ ਪੇਸ਼ਕਾਰੀ ਹੈ। ਇਹ ਫ਼ਿਲਮ ਸਿਰਫ਼ ਇੱਕ ਪੱਖ ਦੀ ਗੱਲ ਨਹੀਂ ਕਰਦੀ ਬਲਕਿ ਨੌਜਵਾਨਾਂ ਨੂੰ ਨਸ਼ਿਆਂ, ਹਥਿਆਰਾਂ ਤੋਂ ਪਾਸੇ ਕਰਕੇ ਖੇਡਾਂ ਨਾਲ ਜੋੜਦੀ ਹੋਈ ਦੇਸ਼ ਭਗਤੀ ਦਾ ਜ਼ਜ਼ਬਾ ਪੈਦਾ ਕਰਦੀ ਹੈ। ਇਸ ਫ਼ਿਲਮ ਦਾ ਨਿਰਮਾਣ ਕਰਮ ਬਾਠ ਵੱਲੋਂ ਸਲੇਅ ਰਿਕਾਰਡਜ਼ ਨਾਲ ਮਿਲਕੇ ਕੀਤਾ ਗਿਆ ਹੈ। ਵਿਕਰਮ ਪ੍ਰਧਾਨ ਫ਼ਿਲਮ ਲੇਖਕ ਤੇ ਨਿਰਦੇਸ਼ਕ ਹਨ। ਫ਼ਿਲਮ ਵਿੱਚ ਕਰਮ ਬਾਠ, ਪ੍ਰਭ ਗਰੇਵਾਲ, ਰਾਜ ਕਾਕੜਾ, ਬਨਿੰਦਰ ਬਨੀ, ਮਲਕੀਤ ਰੌਣੀ, ਸੁੱਖੀ ਚਾਹਲ ਸੁਖਬੀਰ ਗਿੱਲ, ਗੁਰਪ੍ਰੀਤ ਕੌਰ ਭੰਗੂ, ਸੀਮਾ ਕੌਸ਼ਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੇ ਗੀਤ ਰਾਜ ਕਾਕੜਾ ਨੇ ਲਿਖੇ ਨੇ ਤੇ ਇਸਦਾ ਸੰਗੀਤ ਜਤਿੰਦਰ ਸ਼ਾਹ ਵੱਲੋਂ ਤਿਆਰ ਕੀਤਾ ਗਿਆ ਹੈ। ਜੀਆ ਠੱਕਰ ਫ਼ਿਲਮ ਦੇ ਸਹਿ ਲੇਖਕ ਤੇ ਸਹਿ ਨਿਰਦੇਸ਼ਕ ਹਨ। ਕਰਮ ਬਾਠ ਤੇ ਵਿੱਕੀ ਮਾਨ ਫਿਲਮ ਦੇ ਮੁੱਖ ਪ੍ਰੋਡਿਊਸਰ ਅਤੇ ਗੁਰਲਵ ਸਿੰਘ ਰਟੌਲ ਅਤੇ ਕੰਵਰਨਿਹਾਲ ਸਿੰਘ ਇਸਦੇ ਕੋ-ਪ੍ਰੋਡਿਊਸਰ ਹਨ। ਆਮ ਫ਼ਿਲਮਾਂ ਦੀ ਭੀੜ ਵਿੱਚ ਇਸ ਵੱਖਰੇ ਵਿਸ਼ੇ ਦੀ ਫ਼ਿਲਮ ਪ੍ਰਤੀ ਦਰਸ਼ਕਾਂ ਵਿੱਚ ਕਾਫ਼ੀ ਉਤਸ਼ਾਹ ਵੇਖਿਆ ਜਾ ਰਿਹਾ ਹੈ। ਆਸ ਕਰਦੇ ਹਾਂ ਕਿ ਇਸ ਫ਼ਿਲਮ ਨਾਲ ਕੌਰ ਸਿੰਘ ਵਰਗੇ ਸਰਕਾਰੀ ਅਣਗਹਿਲੀ ਦੇ ਸ਼ਿਕਾਰ ਮਹਾਨ ਬੰਦਿਆਂ ਦੀਆਂ ਭਾਵਨਾਵਾਂ ਦੀ ਕਦਰ ਪਵੇਗੀ।

## ਰਾਈਟਰਜ਼ ਫੋਰਮ ਕੈਲਗਰੀ ਦੇ ਮੈਂਬਰਾਂ ਦੀ ਮਿਲਣੀ ਦੌਰਾਨ ਸਵ: ਅਮਰੀਕ ਸਿੰਘ ਚੀਮਾ ਨੂੰ ਚੇਤੇ ਕੀਤਾ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਮੀਟਿਗ ਦੌਰਾਨ ਸੁਰਗਵਾਸ ਹੋਏ ਅਮਰੀਕ ਸਿੰਘ ਚੀਮਾ ਨੂੰ ਸਮਰਪਿਤ ਕੀਤੀ ਗਈ। ਸੇਵਾ ਸਿੰਘ ਦੁਆਰਾ ਗਾਇਨ ਕੀਤੇ ਭਜਨ ਤੋਂ ਬਾਦ ਵਿਛੜੀ ਰੂਹ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਭੇਂਟਕੀਤੀ ਗਈ। ਉੱਘੇ ਅਰਥਸ਼ਾਸਤਰੀ ਸਰਦਾਰਾ ਸਿੰਘ ਜੌਹਲ ਦੀ ਧਰਮ ਪਤਨੀ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਜਗਦੀਸ਼ ਸਿੰਘ ਚੋਹਕਾ ਨੇ ਦੱਸਿਆ ਕਿ ਅਮਰੀਕ ਸਿੰਘ ਚੀਮਾ ਨੇ ਭਾਰਤੀ ਹਵਾਈ ਸੈਨਾ ਦੀ ਸਰਵਿਸ ਦੌਰਾਨ ਬੀ। ਏ। ਪਾਸ ਕੀਤੀ, ਉਹ ਅਫ਼ਸਰਾਂ ਦੇ ਗ਼ਲਤ ਹੁਕਮਾਂ ਦੇ ਖਿਲਾਫ਼ ਡਟਦੇ ਰਹੇ, ਉਹ ਜਜ਼ਬਾਤੀ ਸਨ ਤੇ ਲਿਖਦੇ ਵੀ ਸਨ। ਬੀਰ ਸਿੰਘ ਨੇ ਚੀਮਾ ਸਾਹਿਬ ਦੇ ਪੰਜਾਬ ਮਾਰਕਫੈੱਡ ਦੀ ਸਰਵਿਸ ਦੌਰਾਨ ਬਠਿੰਡੇ ਵਿਖੇ ਇਕੱਠਿਆਂ ਬਿਤਾਏ ਦਿਨਾਂ ਨੂੰ ਯਾਦ ਕਰ ਕੇ ਕਿਹਾ ਕਿ ਉਹ ਵਿਛੜਿਆ ਨਹੀਂ ਸਗੋਂ ਹਮੇਸ਼ਾ ਸਾਡੇ ਦਿਲਾਂ ਵਿਚ ਮਿੱਠੀ ਯਾਦ ਬਣ ਕੇ ਰਹੇਗਾ। ਡਾ। ਜੋਗਾ ਸਿੰਘ ਸਹੋਤਾ ਨੇ ਕਿਹਾ ਕਿ ਚੀਮਾ ਸਰੀਰਕ ਪੱਖੋਂ ਤਕੜਾ ਸੀ ਤੇ ਨੇਮ ਨਾਲ ਕਸਰਤ ਕਰਦਾ ਸੀ, ਨਿਮਰਤਾ ਤੇ ਪਿਆਰ ਨਾਲ ਸਭ ਨੂੰ ਆਪਣਾ ਬਣਾ ਲੈਂਦਾ ਸੀ, ਗ਼ਜ਼ਲਾਂ ਸੁਨਣ ਦਾ ਸ਼ੌਕੀਨ ਸੀ। ਡਾ: ਸਰਬਜੀਤ ਕੌਰ ਜਵੰਧਾ ਨੇ ਭਰੇ ਹੋਏ ਗੱਚ ਨਾਲ ਆਪਣੇ ਫੁੱਫੜ ਜੀ ਦੀਆਂ ਸਿਫ਼ਤਾਂ ਕਰਦਿਆਂ ਦੱਸਿਆ ਕਿ ਉਹ ਪਰਿਵਾਰ ਅਤੇ ਸਮਾਜ ਨੂੰ ਇਕੱਠਾ ਅਤੇ ਖ਼ੁਸ਼ ਦੇਖਣਾ ਚਾਹੁੰਦੇ ਸਨ, ਉਹ ਗ਼ੈਰਹਾਜ਼ਰ ਰਹਿ ਕੇ ਵੀ ਹਮੇਸ਼ਾ ਹਾਜ਼ਰ ਰਹਿਣਗੇ। ਉਸ ਨੇ ਚੀਮਾ ਪਰਿਵਾਰ ਵੱਲੋਂ ਸਭ ਦਾ ਨਿਮਰਤਾ ਤੇ ਹਲੀਮੀ ਨਾਲ ਧੰਨਵਾਦ ਕੀਤਾ। ਕਾਕਾ ਸ਼ਮਿੰਦਰ ਸਿੰਘ ਨੇ ਭਾਵੁਕ ਹੋ ਕੇ ਕਿਹਾ ਕਿ ਚੀਮਾ ਸਾਹਿਬ ਉਸ ਨੂੰ ਬਹੁਤ ਪਿਆਰ ਕਰਦੇ ਸਨ, ਅਨੇਕਾਂ ਫਿਲਮੀ ਸਿਤਾਰੇ ਉਨ੍ਹਾਂ ਦੇ ਚਹੇਤੇ ਸਨ, ਵਧੀਆ ਗਾਉਂਦੇ ਸਨ, ਉਹ ਕਿਤੇ ਨਹੀਂ ਗਏ ਸਗੋਂ ਸਾਡੇ ਸਾਰਿਆਂ ਵਿੱਚ ਆ ਵਸੇ ਹਨ। ਡਾ: ਬਲਵਿੰਦਰ ਕੌਰ ਬਰਾੜ ਨੇ ਯਾਦ ਕੀਤਾ ਕਿ ਕਿਵੇਂ ਉਹ ਅਧਿਆਪਕਾਂ ਦਾ ਨਿਮਰਤਾ ਸਹਿਤ ਸਤਿਕਾਰ ਕਰਦੇ ਸਨ। ਦਿਲਾਵਰ ਸਮਰਾ ਨੇ ਚੀਮਾ ਸਾਹਿਬ ਨਾਲ ਬਿਤਾਏ ਸਮੇਂ ਨੂੰ ਯਾਦ ਕੀਤਾ। ਸੁਖਵਿੰਦਰ ਤੂਰ ਨੇ ਚੀਮਾ ਸਾਹਿਬ ਬਾਰੇ ਜਸਵੰਤ ਸਿੰਘ ਸੇਖੋਂ ਦੀ ਰਚਨਾ ਸੋਗਮਈ ਆਵਾਜ਼ ਵਿਚ ਗਾਇਨ ਕਰ ਕੇ ਵੈਰਾਗ ਪੈਦਾ ਕਰ ਦਿੱਤਾ। ਪ੍ਰਭਦੇਵ ਸਿੰਘ ਨੇ ਉਨ੍ਹਾਂ ਨੂੰ ਬੜੇ ਪਿਆਰੇ ਤੇ ਨਿੱਘੇ ਸੁਭਾਅ ਦੇ ਇਨਸਾਨ ਵਜੋਂ ਯਾਦ ਕੀਤਾ। ਗੁਰਚਰਨ ਕੌਰ ਥਿੰਦ, ਜਗਜੀਤ ਰਹਿਸੀ,ਰਾਜਿੰਦਰ ਕੌਰ ਚੋਹਕਾ, ਜਗਦੇਵ ਸਿੱਧੂ,ਦਰਸ਼ਨ ਧਾਲੀਵਾਲ ਅਤੇ ਅਮਰੀਕ ਸਿੰਘ ਚੀਮਾ ਦੇ ਪਰਿਵਾਰ ਦੇ ਮੈਂਬਰਾਂ ਨੇ ਹਾਜ਼ਰੀ ਲਵਾਈ।

## ਓਨਟਾਰੀਓ 'ਚ 2 ਮਿਲੀਅਨ ਡਾਲਰ ਦੀਆਂ ਡਰਗਜ਼ ਸਮੇਤ 25 ਜਣੇ ਗ੍ਰਿਫਤਾਰ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਵਿੱਚ ਪੁਲੀਸ ਨੇ ਨਸ਼ਾ ਤਸਕਰੀ ਦੇ ਇੱਕ ਵੱਡੇ ਗਿਰੋਹ ਦਾ ਪਰਦਾਫਾਸ਼ ਕਰਕੇ ਲਗਪਗ ਦੋ ਮਿਲੀਅਨ ਡਾਲਰ ਦੀਆਂ ਡਰੱਗਜ਼ ਬਰਾਮਦ ਕੀਤੀਆਂ ਹਨ। ਇਸ ਨਸ਼ਾ ਤਸਕਰੀ ਨਾਲ ਜੁੜੇ 25 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਇੱਕ ਸਾਂਝਾ ਅਪਰੇਸ਼ਨ ਸੀ ਜਿਸ ਵਿਚ ਯਾਰਕ ਰੀਜਨਲ ਪੁਲੀਸ, ਟੋਰਾਂਟੋ ਪੁਲੀਸ, ਲੰਡਨ ਪੁਲੀਸ ਅਤੇ ਓਨਟਾਰੀਓ ਪ੍ਰੋਵਿਨਸ਼ੀਅਲ ਪੁਲੀਸ ਦੇ ਮੈਂਬਰ ਸ਼ਾਮਲ ਸਨ । ਪੁਲੀਸ ਨੂੰ ਇਸ ਆਪ੍ਰੇਸ਼ਨ ਨੂੰ ਨੇਪਰੇ ਚਾੜ੍ਹਨ ਲਈ ਇੱਕ ਸਾਲ ਤੱਕ ਜਾਂਚ ਕਰਨੀ ਪਈ। ਯੌਰਕ ਰੀਜਨਲ ਪੁਲੀਸ ਨੇ ਜੂਨ 2021 ਵਿੱਚ ਨਸ਼ਾ ਤਸਕਰੀ ਦੇ ਇਸ ਧੰਦੇ ਦੀ ਜਾਂਚ ਆਰੰਭ ਕੀਤੀ ਸੀ ਤੇ ਜਿਵੇਂ ਜਿਵੇਂ ਜਾਂਚ ਅੱਗੇ ਵਧਦੀ ਗਈ ਪੁਲੀਸ ਨੂੰ ਪਤਾ ਲੱਗਿਆ ਕਿ ਇਹ ਗਰੋਹ ਪੂਰੇ ਗਰੇਟਰ ਟੋਰਾਂਟੋ ਏਰੀਏ ਦੇ ਨਾਲ ਨਾਲ ਲੰਡਨ ਅਤੇ ਲੇਕਸ ਰੀਜਨ ਤੱਕ ਨਸ਼ਾ ਤਸਕਰੀ ਵਿੱਚ ਸ਼ਾਮਲ ਹੈ । ਪੁਲੀਸ ਨੇ ਪਿਛਲੇ ਮਹੀਨੇ ਜਾਂਚ ਮੁਕੰਮਲ ਕੀਤੀ ਤੇ ਉਸ ਤੋਂ ਬਾਅਦ 19 ਸਰਚ ਵਾਰੰਟ ਅਫ਼ਸਰ 25 ਜਣਿਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬ ਹੋਏ। ਪੁਲੀਸ ਨੇ ਇਨ੍ਹਾਂ ਛਾਪੇਮਾਰੀਆਂ ਰਾਹੀਂ ਲਗਭਗ ਸਾਢੇ ਸੱਤ ਕਿਲੋ ਮੈਥ, ਪੌਣੇ ਤਿੰਨ ਕਿਲੋ ਕੋਕੀਨ ਅਤੇ ਹੋਰ ਕਈ ਡਰੱਗਜ਼ ਬਰਾਮਦ ਕਰਨ ਦੇ ਨਾਲ ਨਾਲ ਹਥਿਆਰ ਅਤੇ ਇੱਕ ਲੱਖ ਛੱਤੀ ਹਜ਼ਾਰ ਡਾਲਰਾਂ ਤੋਂ ਇਲਾਵਾ ਚੋਰੀ ਦੇ ਦੋ ਵਾਹਨ ਵੀ ਬਰਾਮਦ ਕੀਤੇ ਹਨ ।

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance
Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

TDS TICKET DISPUTE SOLUTIONS
AMARDEEP PANDHER
"Your Ticket Defender"
NO TEXTING | STOP SIGN | SPEEDING | TRAFFIC TICKETS | RED LIGHT
CALL NOW TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com
www.ticketdisputesolutions.com
9220-34 Ave NW Edmonton, Alberta

ARROW DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਇੰਸੂਲੇਸ਼ਨ• ਡਰਾਈਵਾਲ• ਟੇਪਿੰਗ• ਬਲੋ ਇੰਸੂਲੇਸ਼ਨ• ਟੈਕਸਚਰਿੰਗ•
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

# ਕਿਸਾਨੀ ਸੰਘਰਸ਼ ਦੌਰਾਨ ਕਿਸਾਨੀ ਗੀਤ ਗਾਉਣ ਵਾਲੇ ਗਾਇਕਾਂ ਦਾ ਕਿਸਾਨੀ ਮੇਲਾ ਕੈਲਗਰੀ ਵਿਖੇ 24 ਜੁਲਾਈ ਨੂੰ ਹੋਵੇਗਾ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਲ 2020-2021 ਦੌਰਾਨ ਦਿੱਲੀ ਦੀਆਂ ਬਰੂਹਾਂ ਉੱਪਰ ਲੜੇ ਗਏ ਕਿਸਾਨੀ ਸੰਘਰਸ਼ ਨੇ ਰਾਜਨੀਤਕ ਪਾਰਟੀਆਂ ਦੇ ਖਰੇ ਖੋਟੇ ਹੋਣ ਦੀ ਪਛਾਣ ਅਲੱਗ ਥਲੱਗ ਕਰਕੇ ਰੱਖ ਦਿੱਤੀ ਸੀ, ਉਸੇ ਤਰਾਂ ਗਾਇਕੀ ਦੇ ਖੇਤਰ ਵਿੱਚ ਵਿਚਰਨ ਵਾਲੇ ਗਾਇਕਾਂ ਵੱਲੋਂ ਪਾਏ ਕਿਸਾਨੀ ਸੰਗਰਸ਼ ਵਿੱਚ ਯੋਗਦਾਨ ਨੂੰ ਵੀ ਪੰਜਾਬੀ ਸੰਗੀਤ ਪ੍ਰੇਮੀਆਂ ਨੇ ਦਿਲੋਂ ਕਬੂਲਿਆ। ਕਿਸਾਨੀ ਸੰਘਰਸ ਨੂੰ ਆਪਣੀ ਗਾਇਕੀ ਦੇ ਬੋਲਾਂ ਨਾਲ ਹੁਲਾਰਾ ਦਿੰਦੇ ਹੋਏ ਰੋਹ ਭਰਨ ਵਾਲੇ ਗੀਤ ਬੈਰੀਕੇਡਾਂ ਨੂੰ ਤੋੜਦੇ ਹੋਏ ਟਰੈਕਟਰਾਂ ਉੱਪਰ ਵੱਜਦੇ ਵੇਖੇ ਗਏ। ਕੈਲਗਰੀ ਵਾਸੀਆਂ ਲਈ ਖੁਸੀ ਦੀ ਗੱਲ ਹੈ ਕਿ ਖਿੱਚ ਲੈ ਜੱਟਾ ਖਿੱਚ ਤਿਆਰੀ ਪੇਚਾ ਪੈ ਗਿਆ ਸੈਂਟਰ ਨਾਲ, ਜੱਟ ਨੀ ਪੰਜਾਬੋ ਏਹੇ ਆਏ ਨੇ,ਸਾਰੇ ਸੁਣਿਓ ਗੌਰ ਨਾਲ ਕਿਰਸਾਨਾਂ ਦਾ ਇਹ ਹੋਕਾ ਜੀ,ਆਕੜ ਤੇਰੀ ਭੰਨਕੇ ਦਿੱਲੀਏ, ਵਰਗੇ ਗੀਤਾਂ ਨੂੰ ਗਾਉਣ ਵਾਲੇ ਸਾਰੇ ਹੀ ਕਲਾਕਾਰ ਇੱਕੋ ਦਿਨ ਇੱਕੋ ਹੀ ਮੰਚ ਉੱਪਰ ਖੁੱਲੇ ਮੇਲੇ ਦੇ ਰੂਪ ਵਿੱਚ ਬਿਨਾ ਕਿਸੇ ਟਿਕਟ ਦੇ ਤੁਹਾਡਾ ਮੰਨੋਰੰਜਨ ਕਰਨ ਲਈ ਆ ਰਹੇ ਹਨ। ਇਸ ਮੇਲੇ ਸਬੰਧੀ ਪੋਸਟਰ ਰਿਲੀਜ ਸਮਾਰੋਹ ਦੌਰਾਨ ਡੀ ਜੇ ਮਾਂਗਟ ਅਤੇ ਭੁਪੀ ਧਾਮ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਨਛੱਤਰ ਗਿੱਲ,ਹਰਫ ਚੀਮਾ,ਜਸ ਬਾਜਵਾ, ਹੈਪੀ ਰਾਇਕੋਟੀ,ਮਿਸਟਰ ਢੱਟ,ਪਵਿੱਤਰ ਲਸੋਈ ਅਤੇ ਬੀਬਾ ਪਰੀਤ ਥਿੰਦ 24 ਜੁਲਾਈ 2022 ਨੂੰ ਜੈਕਸਨਪੋਰਟ ਪਲਾਜਾ 109 ਐਵਨਿਊ ਕੈਲਗਰੀ ਨਾਰਥ ਈਸਟ ਵਿਖੇ ਇਹ ਸਾਰੇ ਕਲਾਕਾਰ ਕਿਸਾਨੀ ਮੇਲੇ ਵਿੱਚ ਪੁੱਜ ਰਹੇ ਹਨ। ਉਹੀ ਜੋਸ਼ ਭਰਨ ਵਾਲੇ ਗੀਤਾਂ ਦੇ ਬੋਲ ਇੱਕ ਬਾਰ ਫਿਰ ਤੁਹਾਡੇ ਨੇੜਿਓਂ ਤੁਹਾਡੇ ਕੰਨਾਂ ਵਿੱਚ ਗੂੰਜਣਗੇ। ਐਂਤਵਾਰ ਵਾਲੇ ਦਿਨ ਇਹ ਮੇਲਾ ਠੀਕ ਸਾਮ 4 ਵਜੇ ਸੁਰੂ ਹੋ ਜਾਵੇਗਾ। ਸਮੂਹ ਪੰਜਾਬੀ ਸੰਗੀਤ ਪਰੇਮੀਆਂ ਨੂੰ ਖੁੱਲਾ ਸੱਦਾ ਹੈ। ਪੋਸਟਰ ਰਿਲੀਜ ਕਰਨ ਮੌਕੇ ਕੈਲਗਰੀ ਨਾਮਵਰ ਬਿਜਨਿਸਮੈਨ ਹਾਜਿਰ ਸਨ। ਪਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਡੀ ਜੇ ਮਾਂਗਟ 403 438 8000 ਜਾਂ ਭੁਪੀ ਧਾਮ 306 999 0874 ਉੱਪਰ ਸੰਪਰਕ ਕਰ ਸਕਦੇ ਹੋ।

# ਯੂਨਾਇਟਿਡ ਫੀਲਡ ਹਾਕੀ ਕਲੱਬ ਕੈਲਗਰੀ ਨੇ ਕਨੇਡਾ ਮਾਸਟਰ ਟੂਰਨਾਮੈਂਟ ਜਿੱਤਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੀਲਡ ਹਾਕੀ ਕਨੇਡਾ ਅਤੇ ਫੀਲਡ ਹਾਕੀ ਅਲਬਰਟਾ ਵੱਲੋਂ ਯੁਨੀਵਰਿਸਟੀ ਹਾਕਿੰਗਜ਼ ਫੀਲਡ ਟਰਫ ਕੈਲਗਰੀ ਅਤੇ ਕਨੇਡਾ ਮਾਸਟਰ ਪਲੱਸ 30 ਨੈਸਨਲ ਟੂਰਨਾਮੈਂਟ 2022 ਕਰਵਾਇਆ ਗਿਆ । ਇਸ ਟੂਰਨਾਂਮੈਂਟ ਵਿੱਚ ਕਨੇਡਾ ਭਰ ਤੋਂ ਟੀਮਾਂ ਦੇ ਪਲੇਅਰਾਂ ਨੇ ਹਿੱਸਾ ਲਿਆ। ਦੋ ਦਿਨ ਚੱਲੇ ਲੀਗ ਮੈਚਾਂ ਤੋਂ ਬਾਅਦ ਟੌਪ ਤੇ ਰਹਿਣ ਵਾਲੀਆਂ ਯੁਨਾਇਟਿਡ ਫੀਲਡ ਹਾਕੀ ਕਲੱਬ ਕੈਲਗਰੀ ਅਤੇ ਮੈਨੀਟੋਬਾਂ ਰੋਵਰ ਵਿਚਕਾਰ ਸੰਡੇ ਫਾਈਨਲ ਮੁਕਾਬਲਾ ਬਹੁਤ ਰੋਮਾਚਿਕ ਰਿਹਾ । ਜਿਸ ਵਿੱਚ ਯੁਨਾਇਟਿਡ ਫੀਲਡ ਹਾਕੀ ਕਲੱਬ ਕੈਲਗਰੀ 5-2 ਨਾਲ ਜੇਤੂ ਰਹੀ । ਯੁਨਾਇਟਿਡ ਫੀਲਡ ਹਾਕੀ ਕਲੱਬ ਕੈਲਗਰੀ ਵੱਲੋਂ ਫਾਈਨਲ ਵਿੱਚ ਮਨਵੀਰ ਗਿੱਲ ਨੇ 3 ,ਮਨਦੀਪ ਝੱਲੀ 1 ਅਤੇ ਗਗਨ ਨੇ 1 ਗੋਲ ਕੀਤਾ । ਕਰਪਾਲ ਸਿੱਧੂ ਬੈਸਟ ਪਲੇਅਰ ਚੁਣਿਆ ਗਿਆ। ਕਲੱਬ ਵੱਲੋਂ ਮਨਦੀਪ ਝੱਲੀ ਤੇ ਯਾਦਵਿੰਦਰ ਜਾਦੂ ਨੇ ਸਾਰੇ ਕਲੱਬ ਮੈਂਬਰਾਂ ਤੇ ਸਪਾਂਸਰ ਦਾ ਧੰਨਵਾਦ ਕੀਤਾ ਅਤੇ ਖੇਡਣ ਵਾਲੇ ਸਾਰੇ ਖਿਡਾਰੀਆਂ ਨੂੰ ਬਹੁਤ ਬਹੁਤ ਵਧਾਈਆਂ ਦਿੱਤੀਆਂ।

# ਲਘੂ ਫਿਲਮ ਪਛਤਾਵਾ ਤੇ ਨਾਟਕ ਪਰਿੰਦੇ ਭਟਕ ਗਏ - ਪੰਜਾਬੀ ਹੈਰੀਟੇਜ ਥੀਏਟਰ ਸੋਸਾਇਟੀ ਆਫ ਅਲਬਰਟਾ ਵੱਲੋਂ ਫੈਸਟੀਵਲ ਕਰਵਾਇਆ ਗਿਆ




ਐਡਮੰਟਨ (ਅਸਵਨੀ ਕੁਸਲਾ)ਪਲੇਸ ਸੇਰਵੁੱਡ ਪਾਰਕ ਐਡਮਿੰਟਨ ਵਿਖੇ ਲਘੂ ਫਿਲਮ ਪਛਤਾਵਾ ਦੀ ਸਕਰੀਨਿੰਗ ਤੇ ਨਾਟਕ ਪਰਿੰਦੇ ਭਟਕ ਗਏ ਕਰਵਾਇਆਅ ਗਿਆ । ਸੋਸਾਇਟੀ ਦੇ ਪ੍ਰੈਜ਼ੀਡੈਂਟ ਪਰਮਜੀਤ ਗਿੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰੋਫੈਸਰ ਸਾਹਿਬ ਸਿੰਘ ਦਾ ਨਾਟਕ ਧੰਨ ਲਿਖਾਰੀ ਨਾਨਕਾ ਵੀ ਖੇਡਿਆ ਜਾਣਾ ਸੀ ਪਰ ਵੀਜ਼ਾ ਨਾ ਲੱਗਣ ਕਰਕੇ ਨਾਟਕ ਮੰਡਲੀ ਨਹੀਂ ਪਹੁੰਚ ਸਕੀ । ਹਰਕੇਸ ਚੌਧਰੀ ਦਾ ਨਾਟਕ ਪਰਿੰਦੇ ਭਟਕ ਗਏ ਪੰਜਾਬ ਦੀ ਨਸ਼ਿਆਂ ਵਿੱਚ ਡੁੱਬ ਰਹੀ ਜਵਾਨੀ ਦੀ ਤ੍ਰਾਸਦੀ ਹੈ ।ਨਾਟਕ ਵਿੱਚ ਵੱਡਾ ਦੁਖਾਂਤ ਇਹ ਦਰਸਾਇਆ ਗਿਆ ਹੈ ਕਿ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਦਾ ਕਾਰਣ ਨਸ਼ੇ ਦੀ ਓਵਰਡੋਜ ਹੈ ਭਾਵ ਨਸ਼ੇ ਦੀ ਕੋਈ ਕਮੀ ਨਹੀਂ ਜਿਸ ਦੀ ਜ਼ਿੰਮੇਵਾਰ ਸਮੇਂ - ਸਮੇਂ ਦੀਆਂ ਸਰਕਾਰਾਂ ਹਨ ।ਨਾਟਕ ਵਿੱਚ ਕਈ ਇਸ ਤਰਾਂ ਦੇ ਦ੍ਰਿਸ਼ ਵੀ ਆਏ ਕਿ ਦਰਸ਼ਕਾਂ ਦੇ ਰੋਣ ਦੀਆਂ ਸਿਸਕੀਆਂ ਦਿਲ ਨੂੰ ਹਲੂਣ ਰਹੀਆਂ ਸਨ । ਹਰਕੇਸ ਚੌਧਰੀ ਦੇ ਨਾਟਕ ਦੀ ਸਾਰੀ ਟੀਮ ਕੈਲਗਰੀ ਤੋਂ ਸੀ । ਸਾਰੇ ਕਲਾਕਾਰਾਂ ਦਾ ਪੇਸ਼ਕਾਰੀ ਲਾਜਵਾਬ ਸੀ ਪਰ ਇਕ ਖਾਸ ਕਲਾਕਾਰ ਬੇਟੀ ਅਮਰੀਤ ਗਿੱਲ ਜਿਸਨੇ ਕਨੇਡਾ ਦੀ ਜੰਪਲ ਹੋਣ ਦੇ ਬਾਵਜੂਦ ਪੰਜਾਬੀ ਦੀ ਪੜ੍ਹਾਈ ਕੀਤੀ ,ਲਿਖਣੀ ਤੇ ਬੋਲਣੀ ਸਿੱਖੀ ਤੇ ਨਾਟਕ ਵਿਚ ਧੀ ਤੇ ਭੈਣ ਦਾ ਰੋਲ ਅਦਾ ਕੀਤਾ ।ਮੈਂ ਬੇਟੀ ਅਮਰੀਤ ਅਤੇ ਉਸਦੇ ਮਾਪਿਆਂ ਤੇ ਮਾਣ ਮਹਿਸੂਸ ਕਰਦਾ ਹਾਂ । ਪ੍ਰੈਜ਼ੀਡੈਂਟ ਪਰਮਜੀਤ ਗਿੱਲ ਜੀ ਜੋ ਸਟੇਜ ਨੂੰ ਬਹੁਤ ਹੀ ਵਧੀਆ ਤੇ ਸੁਚਾਰੂ ਢੰਗ ਨਾਲ ਚਲਾ ਰਹੇ ਸਨ ਨੇ ਨਾਟਕ ਮੰਡਲੀ ਦੇ ਸਾਰੇ ਕਲਾਕਾਰਾਂ ਨੂੰ ਦਰਸਕਾਂ ਦੇ ਰੂਬਰੂ ਕਰਵਾਇਆ । ਉਪਰੰਤ ਲਘੂ ਫਿਲਮ ਪਛਤਾਵਾ ਜਿਸ ਦੀ ਕਹਾਣੀ ਅਵਤਾਰ ਗਿੱਲ ਦੀ ਹੈ । ਫਿਲਮ ਦੇ ਡਾਇਰੈਕਟਰ ਨਵਤੇਜ ਸੰਧੂ ਡਾਇਲੌਗ ਤੇ ਸਕਰੀਨਿੰਗਪਲੇ ਬਲਦੇਵ ਗਿੱਲ ਤੇ ਕੈਮਰਾ ਗੁਰਜਿੰਦਰ ਮਾਹੀ ਦਾ ਹੈ । ਲਘੂ ਫਿਲਮ ਪਛਤਾਵਾ ਕਈ ਵੱਡੇ ਸਮਾਜਿਕ ਸੰਦੇਸ਼ ਦਿੰਦੀ ਹੈ । ਫਿਲਮ ਖਾਸ ਤੌਰ ਤੇ ਬਜ਼ੁਰਗਾਂ ਨਾਲ ਨੂੰਹਾਂ - ਪੁੱਤਾਂ ਵੱਲੋਂ ਕੀਤੇ ਜਾ ਰਹੇ ਮਾੜੇ ਵਤੀਰੇ ਤੇ ਚੋਟ ਮਾਰਦੀ ਹੈ । ਫਿਲਮ ਵਿੱਚ ਬਜ਼ੁਰਗ ਮਾਤਾ ਨਾਲ ਨੂੰਹਾਂ ਪੁੱਤਾਂ ਵੱਲੋਂ ਕੀਤੇ ਅਪਮਾਨ ਨੂੰ ਮਾਤਾ ਦੇ ਪੋਤਾ ਪੋਤੀ ਅਜਿਹੇ ਮੋੜ ਤੇ ਲੈ ਜਾਂਦੇ ਹਨ ਕਿ ਸਭ ਨੂੰ ਆਪਣੇ ਕੀਤੇ ਤੇ ਪਛਤਾਵਾ ਹੁੰਦਾ ਹੈ । ਫਿਲਮ ਦੇ ਸਾਰੇ ਅਦਾਕਾਰਾਂ ਦੀ ਅਦਾਕਾਰੀ ਬਹੁਤ ਹੀ ਵਧੀਆ ਸੀ। ਫਿਲਮ ਦੇਖਣ ਤੋਂ ਬਾਅਦ ਮੈਨੂੰ ਕਿਸੇ ਸਮੇਂ ਲਿਖੀਆਂ ਉਹ ਦੋ ਲਾਈਨਾਂ ਯਾਦ ਆ ਗਈਆਂ ......

ਪਾਲ ਪੋਸ ਕੇ ਵੱਡਾ ਕੀਤਾ ਸੁਪਨਾ ਚਕਨਾਚੂਰ ਹੋ ਜਾਂਦੈ ।
ਜਦੋਂ ਖੁਦ ਮਾਲਕ ਘਰ ਤੋਂ ਬਾਹਰ ਬੈਠਣ ਲਈ ਮਜਬੂਰ ਹੋ ਜਾਂਦੈ ।

# ਛੇਤੀ ਛੇਤੀ ਚੜ੍ਹ ਸੂਰਜਾ - ਕੈਲਗਰੀ ਵਾਸੀ ਇੰਜੀਨੀਅਰ ਮਲਕੀਤ ਸਿੰਘ ਸਿੱਧੂ ਵੱਲੋਂ ਲਿਖੀ ਕਿਤਾਬ ਦੀ ਘੁੰਡ ਚੁਕਾਈ ਹੋਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਕਾ ਸੀਨੀਅਰ ਸੁਸਾਇਟੀ ਦੇ ਹਾਲ ਵਿੱਚ ਇੰਜੀਨੀਅਰ ਮਲਕੀਤ ਸਿੰਘ ਸਿੱਧੂ ਦੀ ਪਹਿਲੀ ਕਿਤਾਬ "ਛੇਤੀ ਛੇਤੀ ਚੜ੍ਹ ਸੂਰਜਾ" ਦੀ ਘੁੰਡ ਚੁਕਾਈ ਹੋਈ। ਇਸ ਛੋਟੇ ਜਿਹੇ ਪਰ ਪ੍ਰਭਾਵਸ਼ਾਲੀ ਸਮਾਰੋਹ ਦੇ ਮੁੱਖ ਮਹਿਮਾਨ ਮੈਂਬਰ ਪਾਰਲੀਮੈਂਟ ਜੌਰਜ ਚਾਹਲ, ਕੌਂਸਲਰ ਰਾਜ ਧਾਲੀਵਾਲ ਅਤੇ ਰੇਡੀਓ ਰੈੱਡ ਐਫਐਮ ਦੇ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਜੀ ਹਾਜ਼ਰ ਸਨ। ਬੁਲਾਰਿਆਂ ਵਿੱਚ ਮੇਜਰ ਸਿੰਘ ਧਾਲੀਵਾਲ, ਜਰਨੈਲ ਸਿੰਘ ਤੱਗੜ, ਸੱਤਪਾਲ ਕੌਸ਼ਲ, ਮਾਸਟਰ ਬਚਿੱਤਰ ਸਿੰਘ ਗਿੱਲ, ਧਰਮ ਸਿੰਘ ਗਿੱਲ,ਅਤੇ ਸ਼ਿਵ ਕੁਮਾਰ ਸ਼ਰਮਾ ਨੇ ਉਪਰੋਕਤ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਚਾਹ ਪਾਣੀ ਦਾ ਵਧੀਆ ਪ੍ਰਬੰਧ ਸੀ। ਅੰਤ ਵਿੱਚ ਗੁਰਮੁਖ ਸਿੰਘ ਪ੍ਰਧਾਨ ਨੇ ਆਏ ਹੋਏ ਵੀਰਾਂ ਭੈਣਾਂ ਦਾ ਧੰਨਵਾਦ ਕੀਤਾ । ਸਟੇਜ ਦੀ ਸੇਵਾ ਸਭਾ ਦੇ ਸਕੱਤਰ ਸਰਦਾਰ ਦਰਸ਼ਨ ਸਿੰਘ ਗਿੱਲ ਵੱਲੋਂ ਬਾਖੂਬੀ ਨਿਭਾਈ ਗਈ।



Calgary Transit

# ਭੁਗਤਾਨ ਕਰਨ ਦਾ ਇੱਕ ਬਿਹਤਰ ਤਰੀਕਾ ਹੈ!

ਐਪ ਲਓ। ਆਪਣੀ ਰਾਈਡ ਫੜੋ।
calgarytransit.com/MyFare

Calgary
Download on the App Store
GET IT ON Google Play




22-0021063 | ADV-15435

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ


DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
ਹੁਣ ਫੇਸ 3 ਵੇਚਿਆ ਜਾ ਰਿਹਾ ਹੈ
ਫਰੰਟ ਗੈਰਾਜ ਵਾਲੀਆਂ ਲਾਟਾਂ
ਡੁਪਲੈਕਸ ਘਰਾਂ ਦੀਆਂ ਲਾਟਾਂ
ਲੇਨਡ ਘਰਾਂ ਦੀਆਂ ਲਾਟਾਂ
DUPLEX HOMES FROM THE $400s
LANED HOMES FROM THE LOW $500s
FRONT GARAGE HOMES FROM THE HIGH $500s
SHOWHOME APPOINTMENTS AVAILABLE AND RECOMMENDED. 360° ਵਰਚੂਅਲ ਟੂਰ ਵੀ ਮਿਲਦਾ ਹੈ
Broadview Homes | NuVista Homes | Trico Homes | Sterling Homes | Truman Homes | Morrison Homes
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ। ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
22 ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ
QUALICO communities


SOUTH POINTE TOYOTA
2021 COROLLA ONLY $58 A WEEK! $0 DOWN! LE
2020 RAV4 ONLY $92 A WEEK! $0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE NEW CAR SALES MANAGER
ZAK BHANJI NEW CAR SALES MANAGER
PREZ TIWANA NEW CAR PRODUCT ADVISOR
MINAZ RATANSHI NEW CAR PRODUCT ADVISOR
AFSHEEN HARJEE NEW CAR PRODUCT ADVISOR
MUHAMMAD YOUSAF NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


Calgary
ONWARD
ਪੰਗਾ ਈ ਲੈ ਲਿਆ ਯਾਰ! ਇਹ ਪਾਣੀ ਵਾਲੀ ਪਾਈਪ ਕਿੱਥੇ ਜਾਊ?
ਤੈਨੂੰ ਨਹੀਂ ਪਤਾ? ਇਸ ਕਾਲੇ ਬਿਨ ਵਿੱਚ ਹੋਰ ਕਿੱਥੇ?
ਆਓ,
ਵਧੀਆ ਰੀਸਾਈਕਲਰ ਬਣੀਏ!
calgary.ca/TheRecyclers




ਰਾਜਨ ਸਾਹਨੀ ਕੈਲਗਰੀ ਨੌਰਥ ਈਸਟ ਲਈ ਮੌਜੂਦਾ MLA ਹਨ। ਉਹ UCP ਸਰਕਾਰ ਵਿੱਚ ਟ੍ਰਾਂਸਪੋਰਟ ਅਤੇ ਸੋਸ਼ਲ ਸਰਵਿਸ ਮਨਿਸਟਰ ਵੀ ਰਹਿ ਚੁੱਕੇ ਹਨ।

ਇਮੀਗਰੈਂਟ ਮਾਂ ਪਿਓ ਦੀ ਧੀ ਰਾਜਨ ਸਾਹਨੀ ਆਪਣੇ ਪਤੀ ਅਤੇ ਚਾਰ ਬੱਚਿਆਂ ਦੇ ਸਹਿਯੋਗ ਨਾਲ ਆਪਣੇ ਭਾਈਚਾਰੇ ਦੀ ਅਣਥੱਕ ਸੇਵਾ ਕਰਦੇ ਆ ਰਹੇ ਹਨ।

ਰਾਜਨ ਸਾਹਨੀ UCP ਲੀਡਰਸ਼ਿਪ ਲਈ ਉਮੀਦਵਾਰ ਹਨ ਅਤੇ ਤੁਹਾਡੇ ਸਾਥ ਦੀ ਮੰਗ ਕਰਦੇ ਨੇ। ਰਾਜਨ ਸਾਹਨੀ ਨੂੰ ਅਲਬਰਟਾ ਪ੍ਰੀਮਿਅਰ ਬਨਾਉਣ ਲਈ UCP ਦੀ ਮੈਂਬਰਸ਼ਿਪ ਲਵੋ।

ਵੈਬਸਾਇਟ ਹੈ voterajan.ca

ਵੋਟ ਪਾਉਣ ਲਈ Aug12,2022 ਤੋਂ ਪਹਿਲਾ ਮੈਂਬਰਸ਼ਿਪ ਲੈਣਾ ਜ਼ਰੂਰੀ ਹੈ।

Authorized by the official agent of Rajan Sawhney


ਇਹ ਅਟੱਲ ਸੱਚਾਈ ਹੈ ਕਿ
ਇਸ ਜਹਾਨੋ ਹਰ ਕਿਸੇ ਨੇ ਤੁਰ ਜਾਣਾ ਹੈ।
ਇਸ ਦੁਖਦਾਈ ਘੜੀ ਵਿੱਚ ਸਾਡਾ ਸਟਾਫ ਤੁਹਾਡੇ ਦੁੱਖ ਦਰਦ
ਨੂੰ ਮਹਿਸੂਸ ਕਰਦਾ ਹੋਇਆ ਤੁਹਾਡਾ ਖਿਆਲ ਰੱਖਦਾ ਹੈ
600 ਲੋਕਾਂ ਦੇ ਬਹਿਣ ਦੀ ਜਗ੍ਹਾ
ਵੀਲ ਚੇਅਰ, ਲਿਫਟ, ਖੁੱਲੀ ਕਾਰ ਪਾਰਕਿੰਗ,ਦੀ ਸਹੂਲਤ
ਤੁਸੀਂ ਖੁਦ ਆਪਣੀ ਇਸ ਆਖਰੀ ਘੜੀ ਦੀਆਂ ਰਸਮਾਂ ਸਬੰਧੀ ਪਹਿਲਾਂ ਹੀ ਪੈਕੇਜ ਲੈਕੇ ਮਰਨ ਉਪਰੰਤ ਤੁਹਾਡੇ ਪਿੱਛੇ ਰਹਿ ਗਏ ਪਿਆਰਿਆਂ ਦਾ ਦੁਖਦਾਈ ਆਰਥਿਕ ਬੋਝ ਘੱਟ ਕਰਨ ਵਿੱਚ ਮੱਦਦ ਕਰ ਸਕਦੇ ਹੋ !
PARK PLACE FUNERAL HOME
CHAPEL & CREMATORIUM LTD.
51 Broadway Blvd.
Ph. 417 - 8000 24 hrs.
ਐਡਮਿੰਟਨ ਅਤੇ ਪੂਰੇ ਕਨੇਡਾ ਭਰ ਵਿੱਚੋਂ ਤੁਸੀਂ ਸਾਡੀਆਂ ਸੇਵਾਵਾਂ ਲੈ ਸਕਦੇ ਹੋ !
ਸਾਰੇ ਧਰਮਾਂ ਦੀਆਂ ਰੀਤੀਆਂ ਅਨੁਸਾਰ ਅੰਤਿਮ ਰਸਮਾਂ ਪੂਰੀਆ ਕਰਨ ਲਈ ਸਾਡਾ ਸਟਾਫ ਬਚਨਵੱਧ ਹੈ।
ਜੇਕਰ ਮ੍ਰਿਤਕ ਦੇਹ ਦਾ ਸਸਕਾਰ ਬਾਹਰ ਕਿਤੇ ਵੀ ਕਿਸੇ ਵੀ ਮੁਲਕ ਲੈ ਜਾਕੇ ਕਰਨ ਦੀ ਅਗਰ ਤੁਹਾਡੀ ਇੱਛਾ ਹੈ ਤਾਂ ਅਸੀਂ ਪੂਰਾ ਪੇਪਰ ਵਰਕ ਕਰਨ ਵਿੱਚ ਤੁਹਾਡੀ ਮੱਦਦ ਕਰਦੇ ਹਾਂ।
Satvir Kaur Brar, (780)417-8000, 780 267 3500 Parkfuneral@gmail.com 51, Broadway Blvd. Sherwood Park, AB T8H 2C1


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com